19

# ਜਦ ਦਿਲ ਬਦਲਾ ਲੈਣ ਨੂੰ ਪੁਕਾਰੇ

## (1 ਸਮੂਏਲ 24-26 ; 2 ਸਮੂਏਲ 1)

ਮੈਂ ਇਸ ਪਾਠ ਦੇ ਪੜ੍ਹਨ ਵਾਲੇ ਹਰ ਸ਼ਖ਼ਸ ਨੂੰ ਤਾਂ ਨਹੀਂ ਜਾਣਦਾ, ਪਰ ਹਰ ਪਾਠਕ ਬਾਰੇ ਐਨਾ ਜ਼ਰੂਰ ਜਾਣਦਾ ਹਾਂ ਕਿ ਮੈਂ ਭਾਵੇਂ ਉਸ ਨੂੰ ਮਿਲਿਆ ਹੋਵਾਂ ਜਾਂ ਨਹੀਂ, ਉਹਦਾ ਮਨ ਕਿਸੇ ਨਾ ਕਿਸੇ ਨੇ ਜ਼ਰੂਰ ਦੁਖਾਇਆ ਹੈ। ਇਹ ਕਈ ਸਾਲ ਪਹਿਲਾਂ ਜਾਂ ਹਾਲ ਹੀ ਵਿਚ ਜਿਵੇਂ ਕੱਲ੍ਹ ਹੀ ਵਾਪਰਿਆ ਹੋਵੇ ਹੋ ਸਕਦਾ ਹੈ, ਪਰ ਉਸ ਦਾ ਦਰਦ ਜ਼ਰੂਰ ਹੋਇਆ ਹੋਵੇਗਾ। ਸ਼ਾਇਦ ਕਿਸੇ ਮਿੱਤਰ ਨੇ ਤੁਹਾਡਾ ਭਰੋਸਾ ਤੋੜਿਆ ਹੈ। ਸ਼ਾਇਦ ਕਿਸੇ ਉਸਤਾਦ, ਕੋਚ ਜਾਂ ਬਾਸ ਨੇ ਤੁਹਾਡੇ ਨਾਲ ਬਦਸਲੂਕੀ ਕੀਤੀ ਹੈ। ਹੋ ਸਕਦਾ ਹੈ ਪਰਿਵਾਰ ਦੇ ਕਿਸੇ ਬੰਦੇ ਨੇ ਤੁਹਾਡੇ ਨਾਲ ਬਦਸਲੂਕੀ ਕੀਤੀ ਹੋਵੇ। ਹੋ ਸਕਦਾ ਹੈ ਕਿ ਕਿਸੇ ਨੇ ਜਾਣ ਬੁੱਝ ਕੇ ਤੁਹਾਡਾ ਫਾਇਦਾ ਉਠਾਇਆ ਹੋਵੇ। ਹੋ ਸਕਦਾ ਹੈ ਜੀਵਨ ਸਾਥੀ ਨੇ ਤੁਹਾਨੂੰ ਛੱਡ ਦਿੱਤਾ ਹੋਵੇ। ਹੋ ਸਕਦਾ ਹੈ ਕਿਸੇ ਵੈਰੀ ਨੇ ਤੁਹਾਡੀ ਜ਼ਿੰਦਗੀ ਬਰਬਾਦ ਕੀਤੀ ਹੋਵੇ। ਸਭ ਦਾ ਮਨ ਇੱਕੋ ਹੀ ਤਰ੍ਹਾਂ ਦੁਖਿਆ ਹੋਣਾ ਜ਼ਰੂਰੀ ਨਹੀਂ ਹੈ, ਪਰ ਦੁਖਿਆ ਜ਼ਰੂਰ ਹੋਵੇਗਾ।

ਇਕ ਪਲ ਲਈ ਆਪਣੇ ਦੁਖੀ ਹੋਣ ਦੀ ਸਭ ਤੋਂ ਵੱਡੀ ਘਟਨਾ ਤੇ ਵਿਚਾਰ ਕਰੋ। ਹੁਣ ਕਲਪਨਾ ਕਰੋ ਕਿ ਉਸ ਨਾਜੁਕ ਘੜੀ ਵਿਚ ਮੈਂ ਤੁਹਾਡੇ ਕੋਲ ਆਉਂਦਾ ਹਾਂ ਅਤੇ ਤੁਹਾਨੂੰ ਚਮਕੀਲੀ ਧਾਤ ਦਾ ਇਕ ਡੱਬਾ ਦਿੰਦਾ ਹਾਂ। ਉਸ ਡੱਬੇ ਉੱਤੇ ਇਕ ਲਾਲ ਬਟਨ ਹੈ। ਮੈਂ ਤੁਹਾਨੂੰ ਆਖਦਾ ਹਾਂ, ''ਅਗਰ ਤੁਸੀਂ ਇਸ ਬਟਨ ਨੂੰ ਦਬਾਉਗੇ ਤਾਂ ਉਸ ਨੂੰ ਜਿਸ ਨੇ ਤੁਹਾਨੂੰ ਦੁਖੀ ਕੀਤਾ ਹੈ ਓਨੀ ਹੀ ਤਕਲੀਫ਼ ਹੋਵੇਗੀ ਜਿੰਨੀ ਤੁਹਾਨੂੰ ਹੋ ਰਹੀ ਹੈ। ਬਟਨ ਦਬਾਉਣ ਦਾ ਤੁਹਾਡੇ ਸਿਵਾਇ ਹੋਰ ਨੂੰ ਪਤਾ ਨਹੀਂ ਚੱਲੇਗਾ।'' ਫਿਰ ਮੈਂ ਚਲਿਆ ਜਾਂਦਾ ਹਾਂ। ਮੈਂ ਤੁਹਾਨੂੰ ਪੁੱਛਦਾ ਹਾਂ: ਆਪਣੀ ਤਕਲੀਫ਼ ਤੇ ਵਿਚਾਰ ਕਰਕੇ ਕੀ ਤੁਸੀਂ ਉਸ ਬਟਨ ਨੂੰ ਦਬਾ ਦਿਓਗੇ?

ਇਕ ਗੱਲ ਤਾ ਪੱਕੀ ਹੈ: ਸਾਡੇ ਆਲੇ ਦੁਆਲੇ ਦਾ ਸੰਸਾਰ ਚੀਕ ਰਿਹਾ ਹੋਵੇਗਾ, ''ਬਟਨ ਦਬਾਓ! ਬਟਨ ਦਬਾਓ!'' ਵੱਡੇ ਬੈਨਰਾਂ ਤੇ ਲਿਖਿਆ ਹੈ, ''ਮੈਂ ਪਾਗਲ ਨਹੀਂ ਹਾਂ, ਮੈਂ ਹੋਸ਼ ਵਿਚ ਹਾਂ।'' ਫ਼ਿਲਮ ਦੇ ਪਰਦੇ ਚੀਖਦੇ ਹਨ: ''ਅੱਗੇ ਵਧੋ। ਕੁਝ ਕਰੋ!'' ਟੀ.ਵੀ. ਦੀ ਮਸ਼ਹੂਰੀ ਵਿਚ ਰੌਲਾ ਪੈਂਦਾ ਹੈ: ''ਕੀ ਤੁਹਾਡਾ ਨੁਕਸਾਨ ਹੋਇਆ ਹੈ? ਵਕੀਲ ਕਰੋ ਅਸੀਂ ਇਕ ਇਕ ਪੈਸਾ ਵਸੂਲ ਕਰ ਲਵਾਂਗੇ!''[1] ਲੋਕ ਹਰ ਥਾਂ ਬਦਲਾ ਲੈਣ ਦੀ ਪੁਕਾਰ ਕਰ ਰਹੇ ਹਨ; ਨਾਇਕ ਉਨ੍ਹਾਂ ਲੋਕਾਂ ਨੂੰ ਗਿਣਦੇ ਹਾਂ ਜਿਨ੍ਹਾਂ ਆਪਣੇ ਵਿਰੋਧੀਆਂ ਨਾਲ ਉਵੇਂ ਹੀ ਬਦਲਾ ਦਿੱਤਾ। (ਆਖ਼ਰੀ ਵਾਰ ਤੁਸੀਂ ਕਦ ਕਿਸੇ ਅਜਿਹੇ ਸ਼ਖ਼ਸ ਨੂੰ ਵੇਖਿਆ ਸੀ ਜਿਹੜਾ ਆਪਣੀ ਦੂਜੀ ਗੱਲ੍ਹ ਅੱਗੇ [ਮੱਤੀ 5:39] ਕਰ ਕੇ ''ਨਾਇਕ'' ਬਣਿਆ ਹੋਵੇ?)

ਬੜਾ ਔਖਾ ਹੈ, ਹੈ ਨਾ? ਜਦ ਸਾਡੇ ਉੱਤੇ ਇਲਜ਼ਾਮ ਲਗਦੇ ਹੋਣ, ਬਦਸਲੂਕੀ ਹੁੰਦੀ ਹੋਵੇ, ਅਤੇ ਸਾਡੀ ਦੁਰਵਰਤੋਂ ਹੁੰਦੀ ਰਹੇ ਤਾਂ ਸੁਭਾਵਿਕ ਹੀ ਦਿਲ ਬਦਲਾ ਲੈਣ ਨੂੰ ਪੁਕਾਰਦਾ

ਹੈ। ਬਦਲਾ ਲੈਣ ਦੇ ਬਟਨ ਨੂੰ ਦਬਾਉਣਾ ਸਾਡੀ ਸੁਭਾਵਿਕ ਆਦਤ ਹੈ। ਪਰ ਮਸੀਹੀ ਆਦਮੀ ਅੱਗੇ ਸਵਾਲ ਹੈ ਕਿ ''ਕੀ ਖ਼ੁਦਾ ਸਾਨੂੰ ਬਟਨ ਦਬਾਉਣ ਦਿੰਦਾ ਹੈ?'' ਇਕ ਹੋਰ ਸਵਾਲ ਹੈ, ''ਅਗਰ ਉਹ ਨਹੀਂ ਦਬਾਉਣ ਦਏਗਾ ਤਾਂ ਵਾਰੀ ਦਾ ਵੱਟਾ ਲਾਹੁਣ ਦੀ ਮੇਰੀ ਇੱਛਾ ਕਿਵੇਂ ਪੂਰੀ ਹੋਵੇਗੀ?'' ਅਸੀਂ ਅਜਿਹੇ ਸਵਾਲ ਦਾ ਜਵਾਬ ਦਾਊਦ ਦੇ ਜੀਵਨ ਵਿੱਚੋਂ ਆਪਣੇ ਅਧਿਐਨ ਲਈ ਥੋੜ੍ਹਾ ਥੋੜ੍ਹਾ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਉਚੇਚਾ ਧਿਆਨ 1 ਸਮੂਏਲ 24–26 ਤੇ ਰਹੇਗਾ। ਇਨ੍ਹਾਂ ਆਇਤਾਂ ਅਤੇ 2 ਸਮੂਏਲ 1 ਵਿੱਚੋਂ ਮੈਂ ਉਨ੍ਹਾਂ ਲੋਕਾਂ ਨੂੰ ਤਕਲੀਫ਼ ਝੱਲਣ ਲਈ ਜਿਨ੍ਹਾਂ ਨੂੰ ਮੈਨੂੰ ਦੁਖੀ ਕੀਤਾ ਸੀ, ਜੋਸ਼ ਨਾਲ ਵਿਹਾਰ ਕਰਨ ਦੇ ਚਾਰ ਸੁਝਾਅ ਦਿੰਦਾ ਹਾਂ।

## ਵਸੀਲੇ ਤੇ ਧਿਆਨ ਦਿਓ (1 ਸਮੂਏਲ 24)

ਕੁਝ ਦਿਨ ਪਹਿਲਾਂ ਦੀ ਗੱਲ ਹੈ, ਮੈਂ ਅਤੇ ਮੇਰੀ ਪਤਨੀ ਕਿਸੇ ਪਰਿਵਾਰ ਨੂੰ ਮਿਲਣ ਗਏ ਸਾਂ ਜਦ ਕਿਸੇ ਨੇ ਅਜਿਹੀ ਟਿੱਪਣੀ ਕੀਤੀ ਜਿਸ ਤੋਂ ਸੰਕੇਤ ਮਿਲਦਾ ਸੀ ਕਿ ਉਹ ਬੰਦਾ ਮੈਨੂੰ ਪਸੰਦ ਨਹੀਂ ਕਰਦਾ। ਉਸਦੀ ਟਿੱਪਣੀ ਤੇ ਸਾਰੇ ਹੱਸ ਪਏ। ਕਿਸੇ ਨੇ ਕਿਹਾ, ''ਸਿਰਫ਼ ਵਸੀਲੇ ਤੇ ਧਿਆਨ ਦਿਓ।'' ਫਿਰ ਅਸੀਂ ਉਸ ਦੇ ਬਾਅਦ ਸੁਧਰਨ ਵਾਲੇ ਵਿਸ਼ਿਆਂ ਤੇ ਅੱਗੇ ਵਧ ਗਏ।

ਜਦ ਤੁਸੀਂ ਛੋਟੇ ਬੱਚੇ ਸਾਓ ਤਾਂ ਕਦੇ ਨਾ ਕਦੇ ਤੁਹਾਡੇ ਮਾਂ ਬਾਪ ਨੂੰ ਤੁਸੀਂ ਦੱਸਿਆ ਹੋਵੇਗਾ ਕਿ ਕਿਸੇ ਨੇ ਤੁਹਾਨੂੰ ਗਾਲ ਕੱਢੀ ਹੈ, ਅਤੇ ਉਨ੍ਹਾਂ ਦਾ ਜਵਾਬ ਸੀ ''ਇਹ ਵੇਖੋ ਕਿ ਕਿਸ ਨੇ ਕਿਹਾ ਹੈ ਅਤੇ ਭੁੱਲ ਜਾਓ।'' ਉਨ੍ਹਾਂ ਦੇ ਕਹਿਣ ਤੋਂ ਭਾਵ ਸੀ ਕਿ ਅਗਰ ਤੁਸੀਂ ਇਸ ਨੂੰ ਗੰਭੀਰਤਾ ਨਾਲ ਲਓਗੇ ਤਾਂ ਇਹ ਗਲਤ ਜਾਂ ਬੁਰੀ ਗੱਲ ਕਿਸ ਨੇ ਕਹੀ, ਤਾਂ ਤੁਹਾਨੂੰ ਅਹਿਸਾਸ ਹੋ ਜਾਵੇਗਾ ਕਿ ਫ਼ਿਕਰ ਵਾਲੀ ਕੋਈ ਗੱਲ ਨਹੀਂ ਹੈ।

ਇਸੇ ਨਿਯਮ ਨੂੰ ਦਾਊਦ ਦੇ ਹਾਲਾਤ ਤੇ ਲਾਗੂ ਕਰੋ। ਉਸ ਨੂੰ ਤਕਲੀਫ਼ ਦੇਣ ਵਾਲਾ ਕੋਈ ਸੀ? ਇਕ ਸਨਕੀ ਬਾਦਸ਼ਾਹ ਜਿਹੜਾ ਆਪਣਾ ਹੀ ਸਭ ਤੋਂ ਵੱਡਾ ਵੈਰੀ ਸੀ।[2]

ਪਿਛਲੀ ਵਾਰ ਅਸੀਂ ਜਿੱਥੇ ਇਹ ਕਹਾਣੀ ਛੱਡੀ ਸੀ, ਦਾਊਦ ਅਤੇ ਉਸ ਦੇ ਆਦਮੀ ਸ਼ਾਊਲ ਦੀ ਫ਼ੌਜ ਤੋਂ ਬੜੀ ਮੁਸ਼ਕਿਲ ਨਾਲ ਬਚੇ ਸਨ। ਫ਼ਲਿਸਤੀਆਂ ਨਾਲ ਲੜਨ ਲਈ ਬਾਦਸ਼ਾਹ ਦੇ ਜਾਣ ਦੇ ਬਾਅਦ ''ਦਾਊਦ ਉੱਥੋਂ ਨਿੱਕਲ ਕੇ ਏਨ–ਗਦੀ ਦੇ ਵਿਚ ਪੱਕਿਆ ਥਾਵਾਂ ਦੇ ਵਿਚਕਾਰ ਆ ਰਿਹਾ'' (1 ਸਮੂਏਲ 23:29)।

ਏਨਗਦੀ ਯਰੂਸ਼ਲਮ ਦੇ ਦੱਖਣ ਪੂਰਬ ਵੱਲ ਲਗਭਗ ਪੈਂਤੀ ਮੀਲ, ਖਾਰੇ ਸਮੁੰਦਰ ਦੇ ਪੱਛਮੀ ਕੰਢੇ ਤੇ ਹੈ। ਉੱਥੇ ਸੈਰ ਕਰਨ ਵਾਲੇ ਲੋਕ ਇਸ ਦੀ ਖੂਬਸੂਰਤੀ ਬਿਆਨ ਕਰਦੇ ਹਨ। ਇਸ ਫੁਹਾਰੇ ਤੋਂ ਜੋ ਕਿ ਸਮੁੰਦਰ ਤੋਂ ਛੇ ਸੌ ਫੁੱਟ ਉੱਚਾ ਹੈ, ਇਕ ਚਮਕਦਾਰ ਚਸ਼ਮਾ ਨਿਕਲਦਾ ਹੈ ਜਿਹੜਾ ਰੇਗਿਸਤਾਨ ਵੱਲ ਵਹਿੰਦਾ ਹੈ। ਜਿੱਥੇ ਪੰਜ ਜਲ ਸੋਮੇ, ਸਾਫ਼ ਪਾਣੀ ਦੇ ਤਲਾਬ, ਹਰੇ ਭਰੇ ਰੁੱਖ ਅਤੇ ਰੰਗ ਬਿਰੰਗੇ ਫੁੱਲ ਹਨ। ਇਸ ਮਰੂਦੀਪ ਵਿਚ ਇਕ ਢਲਾਨ ਤੋਂ ਪਾਣੀ ਆਉਂਦਾ ਹੈ। ਦਾਊਦ ਅਤੇ ਉਸ ਦੇ ਆਦਮ ਥਕਾਵਟ ਲਾਹ ਕੇ ਇੱਥੇ ਤਰੋ ਤਾਜ਼ਾ ਹੋਏ ਹੋਣਗੇ।

ਪਰ ਏਨਗਦੀ ਵਿਚ ਦਾਊਦ ਦਾ ''ਅਰਾਮ ਅਤੇ ਤਾਜ਼ਾ ਹੋਣਾ'' ਥੋੜ੍ਹੀ ਦੇਰ ਲਈ ਹੋਵੇਗਾ। ਅਧਿਆਇ 24 ਸ਼ੁਰੂ ਹੁੰਦਾ ਹੈ, ''ਅਜਿਹਾ ਹੋਇਆ ਜਾਂ ਸ਼ਾਊਲ ਫ਼ਲਿਸਤੀਆਂ ਦਾ ਪਿੱਛਾ ਕਰਨ ਤੋਂ ਮੁੜ ਪਿਆ ਤਾਂ ਲੋਕਾਂ ਨੇ ਉਹ ਨੂੰ ਖਬਰ ਦਿੱਤੀ ਕਿ ਵੇਖੋ, ਦਾਊਦ ਏਨ–ਗਦੀ ਦੀ ਉਜਾੜ ਵਿਚ ਹੈ। ਤਦ ਸ਼ਾਊਲ ਸਾਰੇ ਇਸਰਾਏਲ ਵਿੱਚੋਂ ਤਿੰਨ ਹਜ਼ਾਰ ਚੁਣਵੇਂ ਮਨੁੱਖ ਕੱਢ ਕੇ ਜੰਗਲੀ

ਬੱਕਰੀਆਂ ਦੇ ਟੇਕਰੇ ਵੱਲ ਦਾਊਦ ਅਤੇ ਉਹ ਦੇ ਮਨੁੱਖਾਂ ਨੂੰ ਭਾਲਣ ਤੁਰਿਆ'' (24:1, 2)।

ਇਹ ਸਾਨੂੰ ਪਰੇਸ਼ਾਨ ਕਰਨ ਵਾਲੀ ਇਕ ਆਇਤ ਤਕ ਲੈ ਆਉਂਦਾ ਹੈ: ''ਤਦ ਉਹ ਭੇਡਾਂ ਦੇ ਵਾੜਿਆਂ ਨੂੰ ਅੱਪੜ ਪਿਆ ਜੋ ਪਹੇ ਦੇ ਕੋਲ ਸਨ'' (24:3)। ਮੂਲ ਭਾਸ਼ਾ ਇਬਰਾਨੀ ਵਿਚ ''ਸ਼ਾਊਲ ਆਪਣੇ ਪੈਰ ਢੱਕਣ ਲਈ ਅੰਦਰ ਗਿਆ'' ਹੈ ਜਿਹੜਾ ਕੁਦਰਤ ਦੀ ਪੁਕਾਰ ਦਾ ਪਿਆਰ ਨਾਲ ਜਵਾਬ ਉੱਪਰ ਦੇਣ ਲਈ ਇਕ ਇਬਰਾਨੀ ਸ਼ਬਦ ਹੈ।

ਜਿਸ ਗੱਲ ਦਾ ਸ਼ਾਊਲ ਨੂੰ ਪਤਾ ਨਹੀਂ ਸੀ ਕਿ ''ਦਾਊਦ ਆਪਣਿਆਂ ਮਨੁੱਖਾਂ ਸਣੇ ਉਸੇ ਖੁੰਧਰ ਦੀਆਂ ਨੁੱਕਰਾਂ ਵਿਚ ਬੈਠਾ ਹੋਇਆ ਸੀ'' (24:3)।[3] ਇਹ ਜਾਣ ਕੇ ਸ਼ਾਊਲ ਆ ਰਿਹਾ ਹੈ, ਦਾਊਦ ਨੇ ਬਹੁਤ ਸਾਰੀਆਂ ਗੁਫ਼ਾਵਾਂ ਵਿੱਚੋਂ ਇਕ ਵਿਚ ਆਪਣੇ ਲੋਕਾਂ ਨਾਲ ਲੁਕਣ ਦਾ ਫੈਸਲਾ ਕੀਤਾ ਹੋਵੇਗਾ। (ਇਹ ਗੁਫ਼ਾਵਾਂ ਐਨੀਆਂ ਵੱਡੀਆਂ ਹਨ ਕਿ ਉਨ੍ਹਾਂ ਵਿੱਚੋਂ ਦਾਊਦ ਦੇ ਸਾਥੀਆਂ ਦੇ ਛੇ ਸੌ ਤੋਂ ਵੱਧ ਲੋਕ ਲੁਕ ਸਕਦੇ ਹੋਣਗੇ।)

ਦਾਊਦ ਦੇ ਆਦਮੀ ਖੁਸ਼ ਸਨ! ਉਹ ਦਾਊਦ ਦੇ ਕੰਨ ਵਿਚ ਕਹਿ ਰਹੇ ਸਨ, ''ਵੇਖੋ, ਉਹ ਦਿਨ ਆਇਆ ਹੈ ਜੋ ਯਹੋਵਾਹ ਨੇ ਤੁਹਾਨੂੰ ਆਖਿਆ ਸੀ ਕਿ ਵੇਖ, ਮੈਂ ਤੇਰੇ ਵੈਰੀ ਨੂੰ ਭਈ ਜੋ ਤੈਨੂੰ ਭਾਵੇ ਸੋ ਉਹ ਦੇ ਨਾਲ ਕਰਨ ਲਈ ਤੇਰੇ ਹੱਥ ਵਿਚ ਕਰ ਦਿਆਂਗਾ'' (24:4)। ਮੈਨੂੰ ਇਹ ਯਹੋਵਾਹ ਦਾ ਵਾਅਦਾ ਨਹੀਂ ਲੱਗਿਆ। ਇਹ ਹੋ ਸਕਦਾ ਹੈ ਕਿ ਖ਼ੁਦਾ ਨੇ ਦਾਊਦ ਨਾਲ ਵਾਅਦਾ ਕੀਤਾ ਸੀ ਅਤੇ ਦਾਊਦ ਨੇ ਆਪਣੇ ਲੋਕਾਂ ਨੂੰ ਇਸ ਬਾਰੇ ਦੱਸਿਆ ਸੀ, ਪਰ ਇਹ ਵੀ ਹੋ ਸਕਦਾ ਹੈ ਕਿ ਇਹ ਲੋਕ ਐਨੇ ਸਕਾਰਾਤਮਕ ਸਨ ਕਿ ਉਨ੍ਹਾਂ ਨੇ ਮਿਸਾਲ ਦਿੱਤੀ ਕਿ ਸ਼ਾਊਲ ਨੂੰ ਮਾਰਨ ਦੀ ਦਾਊਦ ਲਈ ਖ਼ੁਦਾ ਦੀ ਹੀ ਇੱਛਾ ਹੈ। ਯਹੋਵਾਹ ਦੇ ਮੂੰਹ ਵਿਚ ਸ਼ਬਦ ਪਾਊਣ ਵਾਲੇ ਇਹ ਲੋਕ ਪਹਿਲੇ ਜਾਂ ਆਖ਼ਰੀ ਨਹੀਂ ਸਨ।

ਆਓ, ਬਦਲਾ ਲੈਣ ਬਾਰੇ ਕੁਝ ਤੱਥਾਂ ਵੱਲ ਧਿਆਨ ਦੇਣ ਲਈ ਰੁਕਦੇ ਹਾਂ: (1) ਬਦਲਾ ਲੈਣ ਦੀ ਆੜ ਵਿਚ ਬੈਠੇ ਲੋਕ ਉਸ ਸਮੇਂ ਦੀ ਤਲਾਸ਼ ਵਿਚ ਹੁੰਦੇ ਹਨ ਜਦ ਉਹ ਬੰਦਾ ਜਿਸ ਨੇ ਉਨ੍ਹਾਂ ਨੂੰ ਨੁਕਸਾਨ ਪੁਚਾਇਆ ਸੀ, ਨਾਜ਼ੁਕ ਸਥਿਤੀ ਵਿਚ ਹੋਵੇ। ਉਸ ਗੁਫ਼ਾ ਵਿਚ ਮੈਨੂੰ ਸ਼ਾਊਲ ਤੋਂ ਵੱਧ ਕੋਈ ਨਾਜ਼ੁਕ ਸਥਿਤੀ ਵਿਚ ਨਹੀਂ ਲਗਦਾ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਬਦਲਾ ਲੈਣ ਦੀ ਸਰੀਰਕ ਵਿਚਾਰਾਂ ਦੀ ਪ੍ਰੇਰਣਾ ਨਾਲ ਦਾਊਦ ਦੇ ਲੋਕਾਂ ਨੇ ਇਸ ਨੂੰ ਖ਼ੁਦਾ ਵੱਲੋਂ ਮਿਲਿਆ ਮੌਕਾ ਸਮਝਿਆ। (2) ਅਗਰ ਕਿਸੇ ਨੇ ਤੁਹਾਡਾ ਦਿਲ ਦੁਖਾਇਆ ਹੈ, ਤਾਂ ਤੁਹਾਡੇ ਕਰੀਬੀ ਲੋਕ ਹੀ ਮੌਕਾ ਪਾ ਕੇ ਤੁਹਾਨੂੰ ''ਹਿਸਾਬ ਬਰਾਬਰ'' ਕਰਨ ਲਈ ਉਕਸਾਉਣਗੇ। ਦਾਊਦ ਨੇ ਲੋਕਾਂ ਵਾਂਗ ਅਜਿਹਾ ਕਰਨ ਲਈ ਤੁਹਾਨੂੰ ਕਹਿਣ ਦੇ ਉਨ੍ਹਾਂ ਦੇ ਕੋਲ ਢੇਰਾਂ ਕਾਰਣ ਹੋਣਗੇ: ''ਉਸ ਨੂੰ ਸਬਕ ਸਿਖਾਉਣਾ ਜ਼ਰੂਰੀ ਸੀ''; ''ਉਸ ਨੂੰ ਆਪਣੀ ਬਣਾਈ ਦਵਾ ਦਾ ਮਜ਼ਾ ਚਖਾ ਦਿਓ!'' ''ਉਸ ਨੂੰ ਇੰਜ ਸਿਰ ਚੜ੍ਹਾਉਣਾ ਤੁਹਾਨੂੰ ਮਹਿੰਗਾ ਪਵੇਗਾ।'' ਦਾਊਦ ਦੇ ਆਦਮੀਆਂ ਵਾਂਗ, ਉਹ ਇਸ ਵਿਚ ਖ਼ੁਦਾ ਨੂੰ ਵੀ ਲਿਆ ਸਕਦੇ ਹਨ: ''ਆਖ਼ਿਰ ਖ਼ੁਦਾ ਨੇ ਵੀ ਤੁਹਾਨੂੰ ਕੁਝ ਅਧਿਕਾਰ ਦਿੱਤੇ ਹਨ''; ''ਯਕੀਨਨ ਹੀ ਖ਼ੁਦਾ ਤੁਹਾਥੋਂ ਪੈਰ ਪੂੰਝਣ ਵਾਲੇ ਪਾਏਦਾਨ ਵਾਂਗ ਕੰਮ ਕਰਨ ਦੀ ਉਮੀਦ ਨਹੀਂ ਕਰਦਾ!''

ਇੱਥੇ ਕਹਾਣੀ ਇਕ ਨਵਾਂ ਮੋੜ ਲੈਂਦੀ ਹੈ। 24:4 ਦਾ ਆਖ਼ਰੀ ਭਾਗ ਕਹਿੰਦਾ ਹੈ, ''ਤਦ ਦਾਊਦ ਨੇ ਮਲਕੜੇ ਉੱਠ ਕੇ ਸ਼ਾਊਲ ਦੀ ਚੱਦਰ ਦਾ ਪੱਲਾ ਕੱਟ ਲਿਆ।'' ਇਸ ਦ੍ਰਿਸ਼ ਦੀ ਕਲਪਨਾ ਕਰੋ! ਆਪਣੇ ਆਦਮੀਆਂ ਵੱਲੋਂ ਸ਼ਾਊਲ ਨੂੰ ਮਾਰ ਸੁੱਟਣ ਦੀ ਬੇਨਤੀ ਦੇ ਬਾਵਜੂਦ, ਦਾਊਦ ਨੇ ਇਸ ਹਨ੍ਹੇਰੇ ਵਿਚ ਆਪਣੀ ਕਟਾਰ ਨਾਲ ਸਿਰਫ਼ ਸ਼ਾਊਲ ਦਾ ਪੱਲਾ ਹੀ ਕੱਟਿਆ।

ਉਹ ਇਕ ਦੂਜੇ ਨੂੰ ਕੂਹਣੀਆਂ ਮਾਰ ਰਹੇ ਸਨ ਅਤੇ ਮੂੰਹ ਵਿਚ ਦੱਬੀ ਹੋਈ ਚੀਕ ਸੁਣਨ ਲਈ ਤਿਆਰ ਸਨ, ਜਿਸ ਨਾਲ ਉਨ੍ਹਾਂ ਨੂੰ ਪਤਾ ਲਗਦਾ ਕਿ ਬਾਦਸ਼ਾਹ ਉੱਤੇ ਹਮਲਾ ਹੋ ਗਿਆ ਹੈ ਜਾਂ ਉਸ ਦੀ ਗਰਦਨ ਕੱਟ ਦਿੱਤੀ ਗਈ ਹੈ, ਪਰ ਉਨ੍ਹਾਂ ਨੂੰ ਕੋਈ ਅਵਾਜ਼ ਨਹੀਂ ਆਈ। ਕੁਝ ਹੀ ਪਲਾਂ ਵਿਚ ਦਾਊਦ ਵਾਪਸ ਪਰਤ ਆਇਆ, ਕਟਾਰ ਉਸ ਦੇ ਹੱਥ ਵਿਚ ਸੀ, ਪਰ ਉਸ ਉੱਤੇ ਕੋਈ ਖ਼ੂਨ ਦਾ ਨਿਸ਼ਾਨ ਨਹੀਂ ਸੀ। ''ਕੀ ਹੋਇਆ?'' ''ਤੂੰ ਕੀ ਕੀਤਾ?'' ਦਾਊਦ ਨੇ ਦੰਦ ਕਰੀਚਦੇ ਹੋਏ ਸ਼ਾਊਲ ਦੇ ਸ਼ਾਹੀ ਲਿਬਾਸ ਦਾ ਕੱਟਿਆ ਹੋਇਆ ਟੁਕੜਾ ਫੜ੍ਹਿਆ ਹੋਇਆ ਸੀ।

ਮਨ ਵਿਚ ਬਹੁਤ ਸਾਰੇ ਸਵਾਲ ਉੱਠਦੇ ਹਨ। ਇਕ ਸਵਾਲ ਇਹ ਹੈ ਕਿ ''ਇਹ ਕਿਵੇਂ ਹੋ ਸਕਦਾ ਹੈ ਕਿ ਦਾਊਦ ਸ਼ਾਊਲ ਦੇ ਐਨਾ ਕਰੀਬ ਚਲਿਆ ਗਿਆ ਅਤੇ ਸ਼ਾਊਲ ਨੇ ਉਸ ਨੂੰ ਵੇਖਿਆ ਨਾ ਹੋਵੇ ਜਾਂ ਉਸ ਦੀ ਅਵਾਜ਼ ਨਾ ਆਈ ਹੋਵੇ?'' ਹੋ ਸਕਦਾ ਹੈ ਕਿ ਸ਼ਾਊਲ ਨੇ ਗੁਫ਼ਾ ਵਿਚ ਜਾਂਦੇ ਸਮੇਂ ਆਪਣੇ ਬਾਹਰੀ ਵਸਤਰ ਉਤਾਰ ਕੇ ਇਕ ਪਾਸੇ ਧਰ ਛੱਡੇ ਹੋਣ। (ਮੈਂ ਤਾਂ ਇੰਜ ਹੀ ਕਰਦਾ।) ਪਰ ਦਾਊਦ ਨੇ ਬੜੀ ਹਿੰਮਤ ਕਰ ਕੇ ਅਜਿਹਾ ਕੀਤਾ। ਇਕ ਹੋਰ ਸਵਾਲ ਹੈ, ''ਦਾਊਦ ਨੇ ਉਸ ਦੇ ਲਿਬਾਸ ਦਾ ਪੱਲਾ ਹੀ ਕਿਉਂ ਕੱਟਿਆ?'' ਸ਼ਾਇਦ ਇਸ ਦਾ ਇੱਕੋ ਹੀ ਕਾਰਣ ਸੀ ਕਿ ਉਹ ਤਾਂ ਉਸ ਦੀ ਜਾਨ ਬਖ਼ਸ਼ ਸਕਦਾ ਹੈ, ਪਰ ਸ਼ਾਊਲ ਨਹੀਂ (24:11)। ਪਰ ਸਭ ਤੋਂ ਅਹਿਮ ਸਵਾਲ ਇਹ ਹੈ ਕਿ ''ਮੌਕਾ ਹੱਥ ਆਉਣ ਦੇ ਬਾਜਵੂਦ ਉਸ ਨੇ ਸ਼ਾਊਲ ਨੂੰ ਮਾਰਿਆ ਕਿਉਂ ਨਹੀਂ?'' ਇਹ ਸਵਾਲ ਦਾ ਜਵਾਬ ਦੇਣ ਲਈ, ਆਓ ਅਸੀਂ ਅੱਗੇ ਬਾਈਬਲ ਵਿਚ ਪੜ੍ਹਦੇ ਹਾਂ,

> ''ਇਹ ਦੇ ਪਿੱਛੋਂ ਅਜਿਹਾ ਹੋਇਆ ਜੋ ਦਾਊਦ ਦਾ ਮਨ ਵਿਆਕਲ ਹੋ ਗਿਆ, ਉਸ ਨੇ ਉਹ ਦੀ ਚੱਦਰ ਦਾ ਪੱਲਾ ਜੋ ਕੱਟਿਆ ਸੀ। ਅਤੇ ਉਸ ਨੇ ਆਪਣੇ ਲੋਕਾਂ ਨੂੰ ਆਖਿਆ, ਯਹੋਵਾਹ ਨਾ ਕਰੇ ਭਈ ਮੈਂ ਆਪਣੇ ਸੁਆਦਮੀ ਨਾਲ ਜੋ ਯਹੋਵਾਹ ਵੱਲੋਂ ਮਸਹ ਹੋਇਆ ਹੈ ਅਜਿਹਾ ਕੰਮ ਕਰਾਂ ਜੋ ਆਪਣਾ ਹੱਥ ਉਹ ਦੇ ਵਿੱਧ ਚਲਾਵਾਂ ਕਿਉਂ ਜੋ ਉਹ ਪਰਮੇਸ਼ੁਰ ਦਾ ਮਸਹ ਕੀਤਾ ਹੋਇਆ ਹੈ'' (24:5, 6)।

ਦਾਊਦ ਇਹ ਵਿਚਾਰ ਕਰ ਕੇ ਕਿ ਉਸ ਨੇ ਕੀ ਕੀਤਾ ਹੈ ਪਰੇਸ਼ਾਨ ਕਿਉਂ ਹੋਇਆ? ਉਸ ਨੇ ਸ਼ਾਊਲ ਨੂੰ ਕੋਈ ਸਰੀਰਕ ਨੁਕਸਾਨ ਨਹੀਂ ਪੁਚਾਇਆ ਸੀ; ਉਸ ਨੇ ਤਾਂ ਉਸ ਦੇ ਵਸਤਰ ਦਾ ਪੱਲਾ ਹੀ ਕੱਟਿਆ ਸੀ। ਕੁਝ ਲੋਕਾਂ ਦਾ ਵਿਚਾਰ ਹੈ ਪੱਲਾ ਇਸ ਕਰਕੇ ਕੱਟਿਆ ਸੀ ਕਿਉਂਕਿ ਦਾਊਦ ਨੇ ਅਸਲ ਵਿਚ ਹਨ੍ਹੇਰੇ ਵਿਚ ਸ਼ਾਊਲ ਦੀ ਗਰਦਨ ਲਾਹੁਣ ਦੀ ਯੋਜਨਾ ਬਣਾਈ ਸੀ, ਪਰ ਆਖ਼ਰੀ ਪਲ ਵਿਚ ਉਸ ਨੇ ਆਪਣਾ ਮਨ ਬਦਲ ਲਿਆ ਅਤੇ ਸਿਰਫ਼ ਉਸ ਦੇ ਵਸਤਰ ਦੀ ਇਕ ਕੰਨੀ ਹੀ ਵੱਢੀ ਸੀ। ਯਕੀਨਨ ਇਹ ਹੋ ਸਕਦਾ ਹੈ ਹੈ ਕਿ ਦਾਊਦ ਉੱਤੇ ਸ਼ਾਊਲ ਨੂੰ ਮਾਰਨ ਦੀ ਇਕ ਅਜ਼ਮਾਇਸ਼ ਆਈ ਸੀ। ਜੇ ਕੋਈ ਮੈਨੂੰ ਬਾਰ ਬਾਰ ਮਾਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਕਦੀ ਉਹ ਨਿਹੱਥਾ ਮੇਰੇ ਹੱਥ ਆ ਜਾਵੇ ਜਦ ਕਿ ਮੇਰੇ ਹੱਥ ਵਿਚ ਤੇਜ਼ ਚਾਕੂ ਹੋਵੇ, ਤਾਂ ਜੇ ਮੇਰੇ ਮਨ ਵਿਚ ਇਹ ਵਿਚਾਰ ਨਾ ਆਵੇ ਕਿ ''ਇੱਕੋ ਝਟਕੇ ਦੀ ਗੱਲ ਹੈ ਉਹਦੇ ਬਾਅਦ ਮੇਰੇ ਦਿਨ ਫਿਰ ਜਾਣਗੇ!''

ਪਰ ਬਾਈਬਲ ਆਖਦੀ ਹੈ, ''ਦਾਊਦ ਸ਼ਾਊਲ ਦੇ ਵਸਤਰ ਦੀ *ਕੰਨੀ ਕੱਟਣੋ ਪਛਤਾਇਆ।*'' ਦਾਊਦ ਦੇ ਜ਼ਮੀਰ ਨੇ ਉਸਦੇ ਵਿਚਾਰ ਦੇ ਕਾਰਣ ਨਹੀਂ ਸਗੋਂ ਜੋ ਉਸ ਨੇ ਕੀਤਾ ਸੀ, ਉਸ ਲਈ ਦੋਸ਼ੀ ਠਹਿਰਾਇਆ। ਦਾਊਦ ਬਾਰੇ ਮੇਰੇ ਮਨ ਵਿਚ ਇਹ ਪ੍ਰਭਾਵ ਹੈ ਕਿ ਉਹ ਇਕ ਬੇਖ਼ੌਫ਼ ਬੰਦਾ ਸੀ; ਉਸ ਨੂੰ ਖਤਰਿਆਂ ਨਾਲ ਖੇਡਣਾ ਚੰਗਾ ਲਗਦਾ ਸੀ। ਮੇਰਾ ਅੰਦਾਜ਼ਾ ਹੈ ਕਿ ਦਾਊਦ ਨੇ

ਬਾਦਸ਼ਾਹ ਸ਼ਾਊਲ ਨੂੰ ਪ੍ਰਭਾਵਿਤ ਕਰਨ ਲਈ ਬੱਚਿਆਂ ਵਾਂਗ ਉਸ ਦੇ ਵਸਤਰ ਦੀ ਕੰਨੀ ਵੱਢ ਲਈ ਹੋਵੇਗੀ। ਪਰ ਜਦ ਉਸ ਨੇ ਇਸ ਤੇ ਵਿਚਾਰ ਕੀਤਾ ਤਾਂ ਉਸ ਦੇ ਜ਼ਮੀਰ ਨੇ ਉਸ ਨੂੰ ਝੰਜੋੜਿਆ, ''ਖ਼ੁਦਾ ਦੇ ਚੁਣੇ ਹੋਏ ਨੂੰ ਨਾ ਸਿਰਫ਼ ਸਰੀਰਕ ਤੌਰ ਤੇ ਨੁਕਸਾਨ ਪੁਚਾਣਾ, ਸਗੋਂ ਉਸ ਨੂੰ ਹਰ ਤਰ੍ਹਾਂ ਨਾਲ ਆਦਰ ਵੀ ਦੇਣਾ ਜ਼ਰੂਰੀ ਹੈ।''

ਅਸੀਂ ਉਸ ਮੁੱਖ ਗੱਲ ਤੇ ਆ ਜਾਂਦੇ ਹਾਂ ਜਿਹੜੀ ਮੈਂ ਅਧਿਐਨ ਦੇ ਇਸ ਭਾਗ ਵਿਚ ਦੱਸਣਾ ਚਾਹੁੰਦਾ ਹਾਂ ਕਿ ਦਾਊਦ ਨੇ ਸ਼ਾਊਲ ਨੂੰ ਕਿਉਂ ਨਹੀਂ ਮਾਰਿਆ। ਫੇਰ ਧਿਆਨ ਦਿਓ ਕਿ ਉਸ ਨੇ ਆਪਣੇ ਆਦਮੀਆਂ ਨੂੰ ਕੀ ਕਿਹਾ: ''ਯਹੋਵਾਹ ਨਾ ਕਰੇ ਭਈ ਮੈਂ ਆਪਣੇ ਸੁਆਮੀ ਨਾਲ ਜੋ ਯਹੋਵਾਹ ਵੱਲੋਂ ਮਸਹ ਹੋਇਆ ਹੈ ਅਜਿਹਾ ਕੰਮ ਕਰਾਂ ਜੋ ਆਪਣਾ ਹੱਥ ਉਹ ਦੇ ਵਿੱਰੁਧ ਚਲਾਵਾਂ *ਕਿਉਂ ਜੋ ਉਹ ਪਰਮੇਸ਼ੁਰ ਦਾ ਮਸਹ ਕੀਤਾ ਹੋਇਆ ਹੈ*'' (24:6)। ''ਪਰਮੇਸ਼ੁਰ ਦਾ ਮਸਹ ਕੀਤਾ ਹੋਹਿਆ'' ਨੂੰ ਰੇਖਾਂਕਿਤ ਕਰ ਲਓ। ਸ਼ਾਊਲ ਨੂੰ ਦਾਊਦ ਵਾਂਗ ਹੀ ਸਮੂਏਲ ਵੱਲੋਂ ਤੇਲ ਨਾਲ ਮਸਹ ਕੀਤਾ ਗਿਆ ਸੀ (ਤੁਲਨਾ 1 ਸਮੂਏਲ 10:1; 16:13)। ''ਮਸਹ'' ਦੇ ਲਈ ਇਬਰਾਨੀ ਸ਼ਬਦ ''ਮਸਾਯਾਹ'' (ਉਸਦਾ ਸਮਾਂਤਰ ਯੂਨਾਨੀ ਸ਼ਬਦ ''ਖ਼੍ਰਿਸਟ'') ਹੈ। ਦਾਊਦ ਜਾਣਦਾ ਸੀ ਕਿ ਸ਼ਾਊਲ ਦਾ ਸਨਮਾਨ ਹੋਣਾ ਚਾਹੀਦਾ ਹੈ, ਸਿਰਫ਼ ਇਸ ਲਈ ਨਹੀਂ ਕਿ ਉਹ ਕੀ ਸੀ ਭਾਵ ਉਹ ''ਖ਼ੁਦਾ ਦਾ ਮਸੀਹਾ'' ਸੀ!

ਬਾਈਬਲ ਵਿਚ ਸਾਨੂੰ ਇਹੀ ਸਿੱਖਿਆ ਮਿਲਦੀ ਹੈ। ਆਪਣੇ ਉੱਪਰ ਨਿਯੁਕਤ ਪੁਲਿਸ ਅਧਿਕਾਰੀ ਦਾ ਸਨਮਾਨ ਇਸ ਲਈ ਨਹੀਂ ਕਿ ਉਹ ਜੋ ਹੈ, (ਭਾਵ ਸਾਡੇ ਵਰਗਾ ਕਮਜ਼ੋਰ ਆਦਮੀ) ਹੋਣ ਕਰਕੇ ਨਹੀਂ ਸਗੋਂ ਇਸ ਲਈ ਕਰਨਾ ਜ਼ਰੂਰੀ ਪੁੱਛ ਕਿ ਉਹ ਜੋ ਹੈ: ''ਚੁਣਿਆ ਹੋਇਆ ਪਰਮੇਸ਼ੁਰ ਦਾ ਸੇਵਕ ਤੇਰੀ ਭਲਿਆਈ ਲਈ'' (ਰੋਮੀਆਂ 13:4)। ਐਲਡਰਾਂ ਦਾ ਸਨਮਾਨ ਇਸ ਲਈ ਨਹੀਂ ਕੀਤਾ ਜਾਂਦਾ ਕਿ ਉਹ ਕੌਣ ਹਨ (ਆਮ ਲੋਕ ਜਿਹੜੇ ਖ਼ਾਸ ਕੰਮ ਕਰਨ ਦਾ ਯਤਨ ਕਰ ਰਹੇ ਹਨ), ਸਗੋਂ ਇਸ ਲਈ ਕਿ ਉਹ ਕੀ ਹੈ ਭਾਵ ਉਨ੍ਹਾਂ ਦੇ ਅਹੁਦੇ ਦੇ ਕਾਰਣ ਜਿਨ੍ਹਾਂ ਨੂੰ ''ਪਵਿੱਤਰ ਆਤਮਾ ਨੇ ... ਨਿਗਾਹਾਬਾਨ ਠਹਿਰਾਇਆ ਹੈ; ਜੋ ਪਰਮੇਸ਼ੁਰ ਦੀ ਕਲੀਸੀਆ ਦੇ ਚਰਵਾਹੀ ਕਰਨ'' (ਰਸੂਲਾਂ ਦੇ ਕੰਮ 20:28)।[4]

ਦਾਊਦ ਨੂੰ ''ਦਾ ਵਿਚਾਰ'' ਕਰਕੇ ਇਹ ਅਹਿਸਾਸ ਹੋਇਆ ਕਿ ਸ਼ਾਊਲ ਖ਼ੁਦਾ ਦਾ ਚੁਣਿਆ ਹੋਇਆ ਸੀ ਅਤੇ ਉਸ ਨੂੰ ਨੁਕਸਾਨ ਨਹੀਂ ਪਹੁਚਾਉਣਾ ਚਾਹੀਦਾ ਸੀ! ਧਿਆਨ ਦਿਓ ਕਿ ਦਾਊਦ ਇਸ ਗੱਲ ਨੂੰ ਮੰਨਣ ਵਿਚ ਕਿਸ ਪ੍ਰਕਾਰ ਚਲਦਾ ਹੈ: ''ਸੋ ਦਾਊਦ ਨੇ ਆਪਣੇ ਮਨੁੱਖਾਂ ਨੂੰ ਏਹ ਗੱਲਾਂ ਸੁਣਾ ਕੇ ਰੋਕਿਆ ਅਤੇ ਉਨ੍ਹਾਂ ਨੂੰ ਸ਼ਾਊਲ ਉੱਤੇ ਹੱਥ ਨਾ ਚਲਾਉਣ ਦਿੱਤਾ'' (24:7)। ਇਹ ਦਾਊਦ ਵੱਲੋਂ ਸ਼ਾਊਲ ਨੂੰ ਮਾਰਨ ਦੀ ਹੀ ਗੱਲ ਨਹੀਂ ਸੀ ਸਗੋਂ ਬਾਦਸ਼ਾਹ ਨੂੰ ਮਾਰਨ ਦੀ ਗੱਲ ਤੇ ਉਸ ਨੂੰ ਆਪਣੇ ਲੋਕਾਂ ਨਾਲ ਗੱਲ ਕਰਨੀ ਸੀ। ''ਰੋਕਿਆ'' ਦੇ ਮੂਲ ਲਈ ਇਬਰਾਨੀ ਸ਼ਬਦ ਸੰਕੇਤ ਦਿੰਦਾ ਹੈ ਕਿ ਦਾਊ ਨੇ ਆਪਣੀਆਂ ਗੱਲਾਂ ਨਾਲ ਆਪਣੇ ਆਦਮੀਆਂ ਨੂੰ ''ਪਾੜ'' ਕੇ ''ਦੋ ਫਾੜ'' ਕੀਤਾ।[5] NIV ਵਿਚ ਆਪਣੇ ਬੱਚਿਆਂ ਨੂੰ ''ਝਾੜਿਆ'' ਗੁਫ਼ਾ ਵਿਚ ਪਿੱਛੇ ਹੌਲੀ ਹੌਲੀ ਗਰਮਾ ਗਰਮ ਬਹਿਸ ਹੋ ਰਹੀ ਸੀ। ਦਾਊਦ ਜਿਸ ਦੀ ਆਪਣੀ ਜਾਨ ਵੀ ਸ਼ਾਊਲ ਦੇ ਦਮਨਕਾਰੀ ਆਦੇਸ਼ਾਂ ਤੋਂ ਦੁਖੀ ਸੀ, ਨੇ ਆਪਣੇ ਆਦਮੀਆਂ ਨੂੰ ਰੋਕ ਦਿੱਤਾ।

ਕਿਸੇ ਤੋਂ ਬਦਲਾ ਨਾ ਲੈਣ ਦਾ ਮਤਲਬ ਇਹੀ ਨਹੀਂ ਕਿ ਤੁਸੀਂ ਜਵਾਬੀ ਕਾਰਵਾਹੀ ਨਹੀਂ ਕਰਦੇ ਸਗੋਂ ਇਹਦਾ ਮਤਲਬ ਇਹ ਵੀ ਹੈ ਕਿ ਤੁਸੀਂ ਉਸ ਨੂੰ ਨੁਕਸਾਨ ਨਾ ਪੁਚਾਉਣ ਲਈ ਦੂਜਿਆਂ ਨੂੰ ਵੀ ਤਿਆਰ ਕਰਦੇ ਹੋ। ਇਕ ਮੰਡਲੀ ਜਿਸ ਵਿਚ ਮੈਂ ਪ੍ਰਚਾਰ ਕਰਦਾ ਸੀ, ਤੋਂ ਮੈਨੂੰ

ਲਗਦਾ ਸੀ ਕਿ ਮੈਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਮੈਂ ਪਰੇਸ਼ਾਨ ਸਾਂ, ਪਰ ਮੈਂ ਬਿਨਾਂ ਝਗੜੇ ਦੇ ਉੱਥੋਂ ਚੁੱਪ ਚਪੀਤੇ ਛੱਡ ਦੇਣਾ ਚਾਹੁੰਦਾ ਸਾਂ। ਪਰ ਮੰਡਲੀ ਦੇ ਬਹੁਤ ਸਾਰੇ ਲੋਕਾਂ ਨੂੰ ਸ਼ੱਕ ਹੋ ਗਿਆ ਕਿ ਮੇਰੇ ਜਾਣ ਪਿੱਛੇ ਕਾਰਣ ਕੁਝ ਹੋ ਹੀ ਸੀ ਅਤੇ ਮੈਂ ਆਪਣੇ ਆਪ ਨੂੰ ਦੂਜਿਆਂ ਨੂੰ ਗੜਬੜ ਨਾ ਕਰਨ ਭਾਵ ''ਆਤਮਾ ਦੀ ਏਕਤਾ'' (ਅਫ਼ਸੀਆਂ 4:3) ਨੂੰ ਸਭ ਗੱਲਾਂ ਵਿਚ ਪਹਿਲ ਦੇਣ ਲਈ ਮਨਾਉਣ ਦੀ ਸਥਿੱਤੀ ਵਿਚ ਆਇਆ। ਮੈਂ ਮਹਿਸੂਸ ਕੀਤਾ ਕਿ ਉਸ ਸਮੇਂ ਜਦ ਤੁਸੀਂ ਕਿਸੇ ਤੋਂ ਦੁਖੀ ਹੁੰਦੇ ਹੋ, ਤਾਂ ਉਹ ਕੰਮ ਬਹੁਤ ਔਖਾ ਹੁੰਦਾ ਜਾਂਦਾ ਹੈ। ਪਰ ਬਦਲਾ ਨਾ ਲੈਣਾ ਇਸ ਦਾ ਸਭ ਤੋਂ ਜ਼ਰੂਰੀ ਭਾਗ ਹੈ।

ਦਾਊਦ ਜਦ ਆਪਣੇ ਆਦਮੀਆਂ ਨੂੰ ਮਨ੍ਹਾ ਹੀ ਕਰ ਰਿਹਾ ਸੀ ਤਾਂ ਸ਼ਾਊਲ ਗੁਫ਼ਾ ਵਿੱਚੋਂ ਨਿਕਲ ਗਿਆ। ਦਾਊਦ ਵੇਖਣ ਲਈ ਗੁਫ਼ਾ ਦੇ ਮੂੰਹ ਤਕ ਆਇਆ। ਜਦ ਸ਼ਾਊਲ ਕੁਝ ਦੂਰ ਚਲਿਆ ਗਿਆ, ਤਾਂ ਦਾਊਦ ਨੇ ਬਾਹਰ ਆ ਕੇ ਅਵਾਜ਼ ਦਿੱਤੀ, ''ਹੇ ਮੇਰੇ ਮਹਾਰਾਜ, ਹੇ ਬਾਦਸ਼ਾਹ!'' (24:8)।

ਮੱਤੀ 18 ਵਿਚ ਯਿਸੂ ਨੇ ਦੂਜਿਆਂ ਨਾਲ ਸਾਡੇ ਸਬੰਧ ਬਾਰੇ ਇਕ ਨਿਯਮ ਠਹਿਰਾਇਆ: ''ਜੇ ਤੇਰਾ ਭਾਈ (ਤੇਰੇ ਖਿਲਾਫ਼[6]) ਗੁਨਾਹ ਕਰੇ ਤਾਂ ਜਾਹ ਅਰ ...;[7] ਉਹਨੂੰ ਸਮਝਾ ਦੇ, ਜੇ ਉਹ ਤੇਰੀ ਸੁਣੇ ਤਾਂ ਤੈ ਆਪਣੇ ਭਾਈ ਨੂੰ ਖੱਟ ਲਿਆ'' (ਆਇਤ 15)। ਸਲਾਹ ਦੇਣ ਵਿਚ, ਇਸ ਨੂੰ ''ਸਾਹਮਣਾ'' ਕਿਹਾ ਜਾਂਦਾ ਹੈ। ਇਸ ਨਾਲ ਸਬੰਧ ਬਹਾਲ ਕਰਨ ਦਾ ਅਹਿਮ ਭਾਗ ਮੰਨਿਆ ਜਾਂਦਾ ਹੈ। ਇਹ ਆਦਮੀ ਦੀ ਉਸ ਭਾਵਨਾਵਾਂ ਮੁਤਾਬਕ ਮਦਦ ਕਰਨ ਲਈ ਵੀ ਜ਼ਰੂਰੀ ਹੈ। ਇੱਥੋਂ ਤਕ ਦਾਊਦ ਨੂੰ ਸ਼ਾਊਲ ਦਾ ਸਾਹਮਣਾ ਕਰਨ ਦਾ ਕੋਈ ਮੌਕਾ ਨਹੀਂ ਮਿਲਿਆ ਸੀ। ਪਰ ਅਖ਼ੀਰ ਵਿਚ ਅਤੇ ਉਹਦਾ ਸਤਾਉਣ ਵਾਲਾ ਆਹਮੋ ਸਾਹਮਣੇ ਆ ਗਏ।[8]

ਜਦ ਸ਼ਾਊਲ ਨੇ ਮੁੜ ਕੇ ਵੇਖਿਆ ਤਾਂ ਦਾਊਦ ਨੇ ਝੁਕ ਕੇ ਜਜ਼ਬਾਤੀ ਭਾਸ਼ਣ ਦਿੱਤਾ:

> ਵੇਖੋ, ਅੱਜ ਤੂੰ ਆਪਣੀਆਂ ਅੱਖੀਆਂ ਨਾਲ ਡਿੱਠਾ ਜੋ ਯਹੋਵਾਹ ਨੇ ਅੱਜ ਹੀ ਕਿੱਕੁਰ ਤੈਨੂੰ ਖੁੰਧਰ ਦੇ ਅੰਦਰ ਮੇਰੇ ਵੱਸ ਵਿਚ ਕਰ ਦਿੱਤਾ ਸੀ ਅਤੇ ਕਈਆਂ ਨੇ ਮੈਨੂੰ ਆਖਿਆ ਵੀ, ਉਹ ਨੂੰ ਮਾਰ ਲੈ, ਪਰ ਮੇਰੀਆਂ ਅੱਖੀਆਂ ਨੇ ਤੇਰੇ ਉੱਤੇ ਤਰਸ ਖਾਧਾ ਅਤੇ ਮੈਂ ਆਖਿਆ ਕਿ ਮੈਂ ਆਪਣੇ ਸੁਆਮੀ ਉੱਤੇ ਹੱਥ ਨਾ ਚਲਾਵਾਂਗਾ ਕਿਉਂ ਜੋ ਉਹ ਯਹੋਵਾਹ ਦਾ ਮਸਹ ਕੀਤਾ ਹੋਇਆ ਹੈ। ਹੇ ਮੇਰੇ ਪਿਤਾ, ਵੇਖੋ, ਹਾਂ ਇਹ ਵੀ ਵੇਖ, ਤੇਰੀ ਚੱਦਰ ਦਾ ਪੱਲਾ ਮੇਰੇ ਹੱਥ ਵਿਚ ਹੈ, ਮੈਂ ਜੋ ਤੇਰੀ ਚੱਦਰ ਦਾ ਪੱਲਾ ਕੱਟ ਲਿਆ ਪਰ ਤੈਨੂੰ ਨਾ ਮਾਰਿਆ। ਸੋ ਹੁਣ ਤੂੰ ਐਥੋਂ ਹੀ ਲੱਭ ਅਤੇ ਵੇਖ ਜੋ ਨਾ ਮੇਰੇ ਹੱਥ ਵਿਚ ਖੋਟ ਹੈ ਅਤੇ ਨਾ ਹੀ ਦੋਸ਼ ਹੈ ਅਤੇ ਮੈਂ ਤੇਰਾ ਕੋਈ ਪਾਪ ਨਹੀਂ ਕੀਤਾ ਤਾਂ ਵੀ ਤੂੰ ਮੇਰੀ ਜਿੰਦ ਦੇ ਲੈਣ ਨੂੰ ਸ਼ਹਿ ਵਿਚ ਲੱਗਾ ਰਹਿੰਦਾ ਹੈਂ। ਮੇਰਾ ਤੇਰਾ ਨਿਆਉਂ ਯਹੋਵਾਹ ਕਰੇ ਅਤੇ ਯਹੋਵਾਹ ਤੈਥੋਂ ਬਦਲਾ ਲਵੇ ਪਰ ਮੇਰਾ ਹੱਥ ਤੇਰੇ ਉੱਤੇ ਨਾ ਚੱਲੇਗਾ (24:10–12)।

ਤੁਹਾਨੂੰ ਇਹ ਪੂਰਾ ਭਾਸ਼ਣ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਇਸ ਵਿਚ ਬਹੁਤ ਸਾਰੀਆਂ ਅਹਿਮ ਗੱਲਾਂ ਹਨ। ਦਾਊਦ ਤੁਹਾਡੇ ਲਈ ਦੁਖੀ ਕਰਨ ਵਾਲੇ ਆਦਮੀ ਦਾ ਸਾਹਮਣਾ ਕਰਨ ਤੇ ਇਕ ਛੋਟੀ ਸਭਾ ਕਰ ਰਿਹਾ ਸੀ। ਦਾਊਦ ਕਮੀਨਾ ਅਤੇ ਬਦਸੂਰਤ ਨਹੀਂ ਸੀ, ਪਰ ਉਸ ਨੇ ਇਸ ਤੱਥ ਨੂੰ ਵੀ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸ ਨੂੰ ਦੁਖੀ ਕੀਤਾ ਗਿਆ ਸੀ। ਉਸ

ਦਾ ਭਾਸ਼ਣ ਸਵੈ ਕਾਬੂ 'ਚ ਰਹਿ ਕੇ ਅਤੇ ਆਦਰ ਭਰਪੂਰ ਸੀ; ਉਸ ਨੇ ਬਾਦਸ਼ਾਹ ਨੂੰ ''ਮੇਰਾ ਮਹਾਰਾਜ,'' ''ਯਹੋਵਾਹ ਦਾ ਮਸਹ ਕੀਤਾ ਹੋਇਆ'' ਅਤੇ ''ਮੇਰਾ ਪਿਤਾ'' ਕਿਹਾ।[9] ਉਸ ਨੇ ਆਪਣੇ ਆਪ ਨੂੰ ''ਮਰੇ ਹੋਏ ਕੁੱਤੇ'' ਅਤੇ ''ਪਿੱਸੂ'' ਦੇ ਰੂਪ ਵਿਚ ਪੇਸ਼ ਕੀਤਾ। ਉਸਨੇ ਸ਼ਾਊਲ ਦੇ ਕੰਮਾਂ ਨੂੰ ਹਰ ਸੰਭਵ ਅਧਾਰ ਬਣਾਇਆ, ਸ਼ਾਊਲ ਦੇ ਮਕਸਦਾਂ ਦਾ ਨਿਆਂ ਦੀ ਥਾਂ ਉਸ ਨੇ ਕਿਹਾ ਕਿ ਕੋਈ ਬੰਦਾ ਬਾਦਸ਼ਾਹ ਦੇ ਕੰਨ ਭਰ ਰਿਹਾ ਹੈ (24:9)। ਸ਼ਾਊਲ ਤਾਂ ਬੇਵਜ੍ਹਾ ਉਸਦਾ ਪਿੱਛਾ ਕਰ ਰਿਹਾ ਸੀ, ਪਰ ਦਾਊਦ ਨੇ ਸਬੂਤ ਸਣੇ ਵਜ੍ਹਾ ਦੱਸੀ ਕਿ ਉਸ ਦਾ ਆਪਣੇ ਬਾਦਸ਼ਾਹ ਨੂੰ ਨੁਕਸਾਨ ਪੁਚਾਉਣ ਦਾ ਕੋਈ ਇਰਾਦਾ ਨਹੀਂ ਸੀ।

ਪਰ ਮੈਂ ਤੁਹਾਡਾ ਧਿਆਨ ਖ਼ਾਸ ਕਰਕੇ ਇਸ ਗੱਲ ਵੱਲ ਦੁਆਉਂਣਾ ਚਾਹੁੰਦਾ ਹਾਂ ਕਿ ਜਦ ਦਾਊਦ ਨੇ ''ਵਸੀਲੇ ਤੇ ਵਿਚਾਰ'' ਕਰਨਾ ਜਾਰੀ ਰੱਖਿਆ, ਤਾਂ ਉਸ ਨੇ ਵੇਖਿਆ ਕਿ ਉਨ੍ਹਾਂ ਸਭ ਘਟਨਾਵਾਂ ਨੂੰ ਖ਼ੁਦ ਖ਼ੁਦਾ ਦੀ ਹਮਾਇਤ ਸੀ। 24:10 ਵਿਚ ਦਾਊਦ ਦੇ ਸ਼ਬਦਾਂ ਤੇ ਧਿਆਨ ਦਿਓ: ''*ਯਹੋਵਾਹ ਨੇ* ਅੱਜ ਗੁਫ਼ਾ ਵਿਚ ਤੈਨੂੰ ਮੇਰੇ ਹੱਥੀਂ ਕਰ ਦਿੱਤਾ ਸੀ।'' ਦਾਊਦ ਦੇ ਆਦਮੀਆਂ ਨੇ ਸੁਝਾਅ ਦਿੱਤਾ ਸੀ ਕਿ ਖ਼ੁਦਾ ਨੇ ਸ਼ਾਊਲ ਨੂੰ ਦਾਊਦ ਦੇ ਸਪੁਰਦ ਕੀਤਾ ਹੈ ਤਾਂ ਕਿ ਉਹ ਉਸ ਨੂੰ *ਮਾਰ* ਸੁੱਟੇ। ਪਰ ਦਾਊਦ ਨੇ ਵੇਖਿਆ ਕਿ ਬਾਦਸ਼ਾਹ ਨੂੰ ਉਸ ਦੇ ਹੱਥ ਵਿਚ ਇਸ ਕਰਕੇ ਦਿੱਤਾ ਹੈ ਕਿ ਦਾਊਦ ਉਸ ਨੂੰ ਬਚਾ ਕੇ ਸਾਬਤ ਕਰ ਸਕੇ ਕਿ ਉਹ ਸ਼ਾਊਲ ਦਾ ਵੈਰੀ ਨਹੀਂ ਹੈ।

ਜਦ ਕੋਈ ਤੁਹਾਨੂੰ ਦੁੱਖ ਦਿੰਦਾ ਹੈ ਤਾਂ ''ਵਸੀਲੇ ਤੇ ਵਿਚਾਰ'' ਕਰਨ ਵੇਲੇ ਇਸ ਸੰਭਾਵਨਾ ਨੂੰ ਨਜ਼ਰ ਅੰਦਾਜ਼ ਨਾ ਕਰੋ ਕਿ ਉਸ ਹਾਲਤ ਵਿਚ ਤੁਹਾਨੂੰ ਵੱਡਾ ਅਤੇ ਬੇਹਤਰ ਆਦਮੀ ਬਣਨ ਲਈ ਖ਼ੁਦਾ ਕੰਮ ਕਰ ਹਿ ਹੈ (ਵੇਖੋ ਮੱਤੀ 5:10–12)।

ਸ਼ਾਊਲ ਸਾਫ਼ ਤੌਰ ਤੇ ਦਾਊਦ ਦੇ ਵਿਹਾਰ ਤੋਂ ਪ੍ਰਭਾਵਿਤ ਹੋ ਗਿਆ ਸੀ:

> ਸ਼ਾਊਲ ਬੋਲਿਆ, ਹੇ ਮੇਰੇ ਪੁੱਤਰ ਦਾਊਦ, ਇਹ ਤੇਰੀ ਅਵਾਜ਼ ਹੈ? ਅਤੇ ਸ਼ਾਊਲ ਉੱਚੀ ਅਵਾਜ਼ ਕੱਢ ਕੇ ਰੋਇਆ। ਤਾਂ ਉਸ ਨੇ ਦਾਊਦ ਨੂੰ ਆਖਿਆ, ਤੂੰ ਮੈਥੋਂ ਵਧੀਕ ਧਰਮੀ ਹੈਂ ਕਿਉਂ ਜੋ ਮੈਂ ਤੇਰੇ ਨਾਲ ਬੁਰਿਆਈ ਕੀਤੀ ਪਰ ਤੂੰ ਉਹ ਦੇ ਵੱਟੇ ਮੇਰੇ ਨਾਲ ਭਲਿਆਈ ਕੀਤੀ ਹੈ। ਵੇਖ, ਹੁਣ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਜੋ ਸੱਚ ਮੁੱਚ ਤੂੰ ਬਾਤਸ਼ਾਹ ਬਣੇਂਗਾ ਅਤੇ ਇਸਰਾਏਲ ਦਾ ਰਾਜ ਤੇਰੇ ਹੱਥ ਵਿਚ ਟਿਕ ਜਾਵੇਗਾ (24:16, 17, 20)।

ਇੱਥੇ ਪਹਿਲੀ ਵਾਰ ਸ਼ਾਊਲ ਨੇ ਖੁੱਲ੍ਹ ਕੇ ਮੰਨਿਆ ਕਿ ਦਾਊਦ ਹੀ ਅਗਲਾ ਬਾਦਸ਼ਾਹ ਹੋਵੇਗਾ।

ਲਗਦਾ ਹੈ ਕਿ ਜਿਵੇਂ ਉਨ੍ਹਾਂ ਵਿਚ ਸੁਲ੍ਹਾ ਹੋ ਗਈ ਹੋਵੇ, ਕੀ ਤੁਹਾਨੂੰ ਨਹੀਂ ਲਗਦਾ? ਦਾਊਦ ਲਈ ਇਹ ਰਾਜਧਾਨੀ ਪਰਤਣ, ਬਾਦਸ਼ਾਹ ਦੇ ਮਹਿਲ ਵਿਚ ਮੁੜ ਆਪਣਾ ਅਹੁਦਾ ਪਾਉਣ ਲਈ ਸੰਕੇਤ ਹੋਣਾ ਚਾਹੀਦਾ ਸੀ। ਪਰ ਦਾਊਦ ਜਾਣਦਾ ਸੀ ਕਿ ਭਾਵੇਂ ਉਸ ਨੂੰ ਕੁਝ ਸਮਾਂ ਤਾਂ ਮਿਲਿਆ ਹੈ ਪਰ ਉਹ ਚੰਚਲ ਬੁੱਧੀ ਬਾਦਸ਼ਾਹ ਸ਼ਾਊਲ ਉੱਤੇ ਭਰੋਸਾ ਨਹੀਂ ਕਰ ਸਕਦਾ ਸੀ। ਅਧਿਆਇ ਇਨ੍ਹਾਂ ਸ਼ਬਦਾਂ ਨਾਲ ਖ਼ਤਮ ਹੁੰਦਾ ਹੈ: ''ਸ਼ਾਊਲ ਘਰ ਨੂੰ ਚੱਲਿਆ ਗਿਆ ਪਰ ਦਾਊਦ ਅਤੇ ਉਹ ਦੇ ਲੋਕ ਕੋਟ ਵਿਚ ਜਾ ਬੈਠੇ'' (24:22): ਉਹ ਉੱਕੇ ਸੁਰੱਖਿਅਤ ਥਾਂ ਰਹੇ ਜਿੱਥੇ ਪਹਿਲਾਂ ਸਨ।

# ਹਿਸਾਬ ਲਗਾਓ (1 ਸਮੂਏਲ 25)

ਅਧਿਆਇ 25 ਇਕ ਪਹੇਲੀ ਹੀ ਹੈ। 24 ਅਤੇ 26 ਅਧਿਆਇ ਉਨ੍ਹਾਂ ਦੋ ਮੌਕਿਆਂ ਬਾਰੇ ਦੱਸਦੇ ਹਨ ਜਦ ਦਾਊਦ ਸ਼ਾਊਲ ਨੂੰ ਮਾਰ ਸਕਦਾ ਸੀ ਪਰ ਉਸ ਨੇ ਨਹੀਂ ਮਾਰਿਆ। ਇਨ੍ਹਾਂ ਦੋ ਅਧਿਆਇਆਂ ਵਿਚ ਅਧਿਆਇ 25 ਲੁਕਿਆ ਹੋਇਆ ਹੈ, ਜਿਹੜਾ ਇਕ ਪਤੀ ਅਤੇ ਉਸ ਦੀ ਪਤਨੀ ਨਾਬਾਲ ਅਤੇ ਅਬੀਗੈਲ ਅਤੇ ਦਾਊਦ ਨਾਲ ਉਨ੍ਹਾਂ ਦੇ ਵਿਹਾਰ ਬਾਰੇ ਦੱਸਦਾ ਹੈ। ਅਧਿਆਇ 25 ਨੂੰ ਅਧਿਆਇ 24 ਅਤੇ 26 ਵਿਚਕਾਰ ਕਿਉਂ ਰੱਖਿਆ ਗਿਆ ਹੈ ਜਿਨ੍ਹਾਂ ਵਿਚ ਇੱਕੋ ਜਿਹੀਆਂ ਘਟਨਾਵਾਂ ਹਨ? ਅਸੀਂ ਇਨ੍ਹਾਂ ਦਾ ਜਵਾਬ ਦੇ ਸਕਦੇ ਹਾਂ ਕਿ ਅਜਿਹਾ ਇਸ ਲਈ ਹੈ ਇਹ ਘਟਨਾ ਇਨ੍ਹਾਂ ਦੋ ਕਾਲਾ ਦੇ ਵਿਚ ਹੁੰਦੀਆਂ ਹਨ। ਪਰ ਅਸੀਂ ਜਾਣਦੇ ਹਾਂ ਕਿ ਇਤਿਹਾਸਕਾਰਾਂ ਅਤੇ ਜੀਵਨੀ ਲੇਖਕਾਂ ਨੂੰ ਆਪਣੀ ਸਮੱਗਰੀ ਦੀ ਚੋਣ ਧਿਆਨ ਕਰਨੀ ਚਾਹੀਦੀ ਹੈ।[10] ਆਮ ਤੌਰ ਤੇ ਕਿਸੇ ਘਟਨਾ ਦੇ ਚੁਣੇ ਜਾਣ ਅਤੇ ਉਸ ਨੂੰ ਉੱਥੇ ਲਿਖੇ ਜਾਣ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ।

ਮੇਰਾ ਮੰਨਣਾ ਹੈ ਕਿ ਅਧਿਆਇ 25 ਨੂੰ ਅਧਿਆਇ 24 ਅਤੇ 26 ਵਿਚ (1) ਬਦਲਾ ਲੈਣ ਬਾਰੇ ਵਿਚ ਦਾਊਦ ਦੀ ਸੁਭਾਵਿਕ ਇੱਛਾ ਵਿਖਾਉਣ ਅਤੇ (2) ਬਦਲਾ ਲੈਣ ਨੂੰ ਆਪਣੇ ਹੱਥਾਂ ਵਿਚ ਲੈਣ ਬਾਰੇ ਉਸ ਨੂੰ ਖ਼ੁਦਾ ਦੀ ਇਛਾ ਬਾਰੇ ਰੱਖਿਆ ਗਿਆ।

ਅਧਿਆਇ 25 ਦੀ ਪਹਿਲੀ ਆਇਤ ਸਮੂਏਲ ਦੀ ਮੌਤ ਅਤੇ ਦਾਊਦ ਅਤੇ ਉਸਦੇ ਆਦਮੀਆਂ ਦੇ ਪਰਾਨ ਦੀ ਉਜਾੜ ਵਿਚ ਚਲੇ ਜਾਣ ਬਾਰੇ ਦੱਸਦੀ ਹੈ। ਉਜਾੜ ਵਿਚ ਦਾਊਦ ਛੇ ਬੰਦਿਆਂ ਨੂੰ ਨਹੀਂ ਖ਼ੁਆ ਸਕਦਾ ਸੀ ਜੋ ਛੇ ਸੌ ਤੋਂ ਕਿਤੇ ਘੱਟ ਸਨ। ਇਸ ਲਈ ਦਾਊਦ ਰਾਖੇ ਦਾ ਕੰਮ ਕਰਨ ਲਗ ਪਿਆ। ਉਹ ਅਤੇ ਉਹਦੇ ਆਦਮੀ ਖੁੱਲ੍ਹੇ ਮੈਦਾਨ ਵਿਚ ਚਰ ਰਹੇ ਇੱਜੜਾਂ ਦੀ ਗੱਲਾਬਾਨੀ ਕਰਦੇ ਸਨ (25:7, 8, 15, 16)। ਧਿਆਨ ਦਿਓ ਕਿ ਮੈਂ ਕਿਹਾ, ''ਦਾਊਦ ਰਾਖੇ ਦਾ ਕੰਮ ਕਰਨ ਲੱਗਾ,'' ਨਾ ਕਿ ਇਹ ਕਿ ''ਰਾਖਾ ਬਣਕੇ *ਧਨ ਕਮਾਉਣ ਦੀ*'' ਯੋਜਨਾ ਵਿਚ (ਜਿਵੇਂ ਕਿ ਕੁਝ ਟੀਕਾਕਾਰ ਲਿਖਦੇ ਹਨ)। ''ਰਾਖਾ ਬਣ ਕੇ ਧਨ ਕਮਾਉਣ ਦੀ ਯੋਜਨਾ ਵਿਚ'' ਬਦਮਾਸ਼ਾਂ ਵੱਲੋਂ ਲੋਕਾਂ ਦੀ ''ਰਾਖੀ'' ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਰਾਖੀ ਦੀ ਕੋਈ ਲੋੜ ਨਹੀਂ ਸੀ। ਇਸ ਦੇ ਉਲਟ ਪਾਰਾਨ ਦੀ ਉਜਾੜ ਵਿਚ ਰਾਖੀ ਦੀ ਸਚਮੁਚ ਲੋੜ ਸੀ। ਉੱਥੇ ਕੋਈ ਵਾੜ ਨਹੀਂ ਸੀ ਹਰ ਪਾਸੇ ਜੰਗਲੀ ਜਾਨਵਰ ਅਤੇ ਜੰਗਲੀ ਲੋਕ ਰਹਿੰਦੇ ਸਨ; ਅਤੇ ਭਟਕੇ ਹੋਏ ਮੇਮਣਿਆਂ ਜਾਂ ਬੱਚਿਆਂ ਦੇ ਸ਼ਿਕਾਰ ਹੋ ਜਾਨ ਦਾ ਖ਼ਤਰਾ ਰਹਿੰਦਾ ਸੀ।

ਇਕ ਆਦਮੀ ਜਿਸ ਦੇ ਇੱਜੜ ਦੀ ਰਾਖੀ ਦਾਊਦ ਦੇ ਆਦਮੀ ਕਰਦੇ ਸਨ, ਉਸਦਾ ਨਾਮ ਨਾਬਾਲ ਸੀ ਅਤੇ ਉਹ ਬੜਾ ਅਮੀਰ ਸੀ। ''ਮਾਓਨ ਵਿਚ ਇਕ ਮਨੁੱਖ ਰਹਿੰਦਾ ਸੀ ਜਿਸ ਦਾ ਮਾਲ ਕਰਮਲ ਵਿਚ ਸੀ।[11] ਉਹ ਪੁਰਸ਼ ਬੜਾ ਧਨੀ ਸੀ[12] ਅਤੇ ਉਸ ਦੀਆਂ ਤਿੰਨ ਹਜ਼ਾਰ ਭੇਡਾਂ ਅਤੇ ਇਕ ਹਜ਼ਾਰ ਬੱਕਰੀਆਂ ਸਨ (25:2)। ਪਰ ਉਹ ਆਦਮੀ ਅਜਿਹਾ ਨਹੀਂ ਸੀ ਜਿਸ ਨੂੰ ਤੁਸੀਂ ਆਪਣਾ ਗੁਆਂਢੀ ਬਣਾਉਣਾ ਚਾਹੋਗੇ। ਉਹ ''ਮਨੁੱਖ ਵੱਡਾ ਬੋਲ ਵਿਗਾੜ ਅਤੇ ਖੋਟਾ ਸੀ'' (25:3)।[13] ਉਸ ਦੇ ਬਾਰੇ ਉਸ ਦੇ ਸੇਵਕ ਦਾ ਕਹਿਣਾ ਸੀ ਕਿ ''ਉਹ ਤਾਂ ਅਜਿਹਾ ਦੁਸ਼ਟ[14] ਹੈ ਕਿ ਕੋਈ ਉਸ ਨਾਲ ਬੋਲ ਵੀ ਨਹੀਂ ਸਕਦਾ'' (25:17)। ਉਹ ਸ਼ਰਾਬੀ ਵੀ ਸੀ (25:36),

ਉਸਦੇ ਨਾਮ ਨਾਬਾਲ ਦਾ ਮੂਲ ਅਰਥ ''ਮੂਰਖ'' ਜਾਂ ''ਬੇਵਕੂਫ਼'' ਹੈ। ਕਿਸੇ ਮਾਂ ਵੱਲੋਂ ਆਪਣੇ ਬੱਚੇ ਦਾ ਨਾਮ ''ਮੂਰਖ'' ਰੱਖਣ ਦੀ ਕਲਪਨਾ ਕਰਨਾ ਬੜਾ ਔਖਾ ਹੈ।[15] ਇਹ ਉਸ ਦੇ

ਬਚਪਨ ਦੇ ਨਾਮ ਦਾ ਵਿਗਾੜ ਸੀ ਜਾਂ ਸ਼ਾਇਦ ਉਸ ਦਾ ਇਹ ਨਾਮ ਮਜ਼ਾਕ ਨਾਲ ਰੱਖਿਆ ਗਿਆ ਸੀ। ਪਰ ਹੁਣ ਉਸਦਾ ਇਹੀ ਨਾਮ ਚੱਲਦਾ ਸੀ (25:25)। ਇਸ ਤੋਂ ਉਸਦੇ ਸੁਭਾਅ ਦਾ ਸਹੀ ਸਹੀ ਪਤਾ ਲਗਦਾ ਹੈ।

ਅਧਿਆਇ 25 ਦੇ ਨਾਟਕ ਵਿਚ ਇਕ ਹੋਰ ਮੁੱਖ ਪਾਤਰ ਨਾਬਾਲ ਦੀ ਬੀਵੀ ਹੈ ਜਿਸਦਾ ਨਾਮ ਅਬੀਗੈਲ ਸੀ। ਉਸਦੇ ਨਾਮ ਦਾ ਅਰਥ ''ਆਪਣੇ ਪਿਤਾ ਦਾ ਅਨੰਦ'' ਹੈ। ਆਇਤ 2 ਕਹਿੰਦੀ ਹੈ ''ਇਹ ਤੀਵੀਂ ਵੱਡੀ ਸਿਆਣੀ ਅਤੇ ਰੂਪਵੰਤ ਸੀ।'' ਕਿੰਨਾ ਅਜੀਬ ਰੂਪਵੰਤ ਹੈ! ਬਾਈਬਲ ਵਿਚ[16] ਸਿਰਫ਼ 4 ਔਰਤਾਂ ਨੂੰ ਹੀ ''ਖੂਬਸੂਰਤ'' ਕਿਹਾ ਗਿਆ ਹੈ, ਜਿਨ੍ਹਾਂ ਵਿੱਚੋਂ ਅਬੀਗੈਲ ਵੀ ਇਕ ਸੀ।

ਇਸ ਰੂਪਵੰਤ, ਬੁੱਧਵਾਨ ਔਰਤ ਨੇ ਇਸ ਮੂਰਖ ਨਾਲ ਵਿਆਹ ਕਿਵੇਂ ਕਰ ਲਿਆ? ਜਵਾਬ ਹੈ ਕਿ ਅਬੀਗੈਲ ਨੂੰ ਇਸ ਬਾਰੇ ਕੁਝ ਕਹਿਣਾ ਨਹੀਂ ਸੀ, ਕਿਉਂਕਿ ਉਦੋਂ ਵਿਆਹ ਤਾਂ ਮਾਂ ਬਾਪ ਨਾਲ ਤੈਅ ਕੀਤੇ ਜਾਂਦੇ ਸਨ। ਹੋ ਸਕਦਾ ਹੈ ਕਿ ਅਬੀਗੈਲ ਦੇ ਮਾਂ ਬਾਪ ਨੇ ਨਾਬਾਲ ਦੀ ਦੌਸਤ ਵੇਖ ਕੇ ਉਸ ਨਾਲ ਉਸ ਦਾ ਵਿਆਹ ਕੀਤਾ ਹੋਵੇ। ਅਬੀਗੈਲ ਖੂਬਸੂਰਤ ਸੀ ਇਸ ਲਈ ਨਾਬਾਲ ਨੇ ਉਸ ਨਾਲ ਵਿਆਹ ਕਰ ਲਿਆ ਹੋਵੇਗਾ। ਇੰਜ ਖੂਬਸੂਰਤ ਔਰਤ ਅਤੇ ਜੰਗਲੀ ਦਾ ਵਿਆਹ ਹੋ ਗਿਆ, ਪਰ ''ਇਸ ਦੇ ਬਾਅਦ ਉਸਦੀ ਜ਼ਿੰਦਗੀ 'ਚ ਖੁਸ਼ੀ'' ਨਹੀਂ ਆਈ। ਅਬੀਗੈਲ ਕੋਲ ਵਧੀਆ ਤੋਂ ਵਧੀਆ ਕੱਪੜੇ ਸਨ, ਚੰਗੇ ਤੋਂ ਚੰਗੇ ਰੱਥ ਤੇ ਸਵਾਰ ਹੁੰਦੀ ਸੀ, ਸ਼ਾਨਦਾਰ ਦਾਅਵਤਾਂ ਦੇ ਸਕਦੀ ਸੀ ਪਰ ਇਹ ਵੀ ਹਕੀਕਤ ਸੀ ਕਿ ਉਸ ਦਾ ਵਿਆਹ ਨੀਚ, ਸ਼ਰਾਬੀ ਅਤੇ ਮੂਰਖ ਆਦਮੀ ਨਾਲ ਹੋਇਆ ਸੀ।

ਅਧਿਆਇ ਦੇ ਸ਼ੁਰੂ ਵਿਚ ਹੀ, ਭੇਡਾਂ ਦੀ ਉੱਨ ਕਤਰਨ ਦਾ (25:2) ਭਾਵ ਪਰਬ ਦਾ ਸਮਾਂ ਸੀ। ਥੋੜੀ ਜਿਹੀ ਉੱਨ ਕਤਰਦੇ ਸਮੇਂ ਉੱਨ ਕਤਰਨ ਵਾਲਿਆਂ ਨਾਲ ਨਾਲ ਇੱਜੜ ਦੀ ਰਾਖੀ ਕਰਨ ਵਾਲਿਆਂ ਦਾ ਧੰਨਵਾਦ ਜਾਂਦਾ ਸੀ। ਜਦ ਦਾਊਦ ਨੇ ਸੁਣਿਆ ਕਿ ਨਾਬਾਲ ਆਪਣੀਆਂ ਭੇਡਾਂ ਦੀ ਉੰਠ ਕਤਰ ਰਿਹਾ ਸੀ ਤਾਂ ਉਸ ਨੇ ਅਮੀਰ ਮਾਲਕ ਕੋਲ ਦਸ ਜਵਾਨ ਭੇਜੇ! ਉਸ ਨੇ ਆਪਣੇ ਆਦਮੀ ਇਹ ਕਹਿਣ ਲਈ ਘੱਲੇ:

> ਤੇਰੀ ਸਲਾਮਤੀ, ਤੇਰੇ ਘਰ ਦੀ ਸਲਾਮਤੀ ਅਤੇ ਉਨ੍ਹਾਂ ਸਭਨਾਂ ਦੀ ਜੋ ਤੇਰੇ ਨਾਲ ਹਨ ਸਲਾਮਤੀ ਹੋਵੇ। ... ਤੇਰੇ ਆਜੜੀ ਸਾਡੇ ਨਾਲ ਸਨ ਅਸਾਂ ਉਨ੍ਹਾਂ ਨੂੰ ਕੁਝ ਔਖ ਨਹੀਂ ਦਿੱਤਾ ਅਤੇ ਜਿੰਨਾਂ ਚਿਰ ਓਹ ਕਰਮਲ ਵਿਚ ਸਨ ਉਨ੍ਹਾਂ ਦਾ ਕੁਝ ਨਹੀਂ ਗੁਆਚਿਆ। ... ਸੋ ਸਾਡੇ ਏਹ ਜ਼ਆਨ ਤੁਹਾਡੀ ਨਿਗਾਹ ਵਿਚ ਦਯਾ ਜੋਗ ਹੋਣ ...। ਜੋ ਕੁਝ ਤੇਰੇ ਹੱਥ ਆਵੇ ਆਪਣੇ ਟਹਿਲੂਆਂ ਨੂੰ ਅਤੇ ਆਪਣੇ ਪੁੱਤਰ ਦਾਊਦ ਨੂੰ ਬਖ਼ਸ਼ ਦੇਹ (25:6–8)।

ਦਾਊਦ ਦੇ ਜਵਾਨਾਂ ਨੇ ਨਾਬਾਲ ਕੋਲ ਜਾ ਕੇ ਉਹੀ ਸ਼ਬਦ ਦੁਹਰਾਏ ਅਤੇ ''ਚੁੱਪ ਕਰ ਰਹੇ'' (25:9)। ਉਨ੍ਹਾਂ ਨੇ ਕਮਰੇ ਵਿੱਚੋਂ ਲਿਜਾਣ ਵਾਲੇ ਲੜਕੇ ਦੀ ਉਡੀਕ ਕੀਤੀ, ਫਿਰ ਉੱਥੇ ਹੱਥ ਪਸਾਰੇ ਰਹੇ। ਦਾਊਦ ਅਤੇ ਨਾਬਾਲ ਵਿਚਕਾਰ ਕੋਈ ਵਾਇਦਾ ਨਹੀਂ ਸੀ ਅਤੇ ਨਾ ਹੀ ਕੋਈ ਲਿਖਤੀ ਸਮਝੋਤਾ ਹੋਇਆ ਸੀ ਜਿਸ ਵਿਚ ਕਿਹਾ ਗਿਆ ਹੋਵੇ ਕਿ ਉਸ ਨੇ ਉਸ ਦਾ ਕੁਝ ਦੇਣਾ ਹੈ, ਜਿਵੇਂ ਅਜਿਹਾ ਕੋਈ ਲਿਖਤ ਨਿਯਮ ਨਹੀਂ ਹੈ ਕਿ ਤੁਹਾਨੂੰ ਬਖਸ਼ੀਸ਼ ਦੇਣੀ ਹੀ ਪਵੇਗੀ। ਪਰ

ਜਿਵੇਂ ਅੱਜ ਸਮਝਾਉਣ ਦੀ ਲੋੜ ਨਹੀਂ ਹੈ ਉਵੇਂ ਹੀ ਉਸ ਸਮੇਂ ਵੀ ਲੋਕ ਇਸ ਗੱਲ ਨੂੰ ਸਮਝਦੇ ਸਨ ਕਿ ਜੇ ਤੁਹਾਨੂੰ ਕਿਸੇ ਨੇ ਸਨਮਾਨ ਦਿੱਤਾ ਹੈ ਤਾਂ ਤੁਹਾਨੂੰ ਉਸਦਾ ਧੰਨਵਾਦ ਕਰਨਾ ਚਾਹਿਦਾ ਹੈ। ਹਰ ਸੰਕੇਤ ਹੈ ਕਿ ਦਾਊਦ ਅਤੇ ਉਸ ਦੇ ਆਦਮੀ ਇਸ ਗੱਲ ਦੇ ਹੱਕਦਾਰ ਸਨ ਕਿ ਉਨ੍ਹਾਂ ਨੂੰ ਨਾਬਾਲ ਤੋਂ ਕੁਝ ਨਾ ਕੁਝ ਜ਼ਰੂਰ ਮਿਲਦਾ। ਬਾਅਦ ਵਿਚ, ਗਡਰੀਆਂ ਨੇ ਅਬੀਗੈਲ ਨੂੰ ਦੱਸਿਆ:

> ... ਉਨ੍ਹਾਂ ਲੋਕਾਂ ਨੇ ਸਾਡੇ ਨਾਲ ਵੱਡੀ ਭਲਿਆਈ ਕੀਤੀ ਅਤੇ ਸਾਨੂੰ ਕੁਝ ਔਖ ਨਹੀਂ ਹੋਇਆ ਅਤੇ ਜਿੰਨਾ ਚਿਰ ਅਸੀਂ ਉਨ੍ਹਾਂ ਵਿਚ ਰਲੇ ਰਹੇ ਅਤੇ ਰੜਿਆਂ ਵਿਚ ਸਾਂ ਉੱਨਾ ਚਿਰ ਸਾਡਾ ਕੁਝ ਨਹੀਂ ਗੁਆਚਿਆ। ਸਗੋਂ ਜਿੰਨਾਂ ਚਿਰ ਅਸੀਂ ਉਨ੍ਹਾਂ ਦੇ ਨਾਲ ਭੇਡਾਂ ਬਕੱਰੀਆਂ ਚਰਾਉਂਦੇ ਰਹੇ ਤਾਂ ਰਾਤ ਨੂੰ ਵੀ ਅਤੇ ਦਿਨ ਨੂੰ ਵੀ ਅਸੀਂ ਕੰਧ ਵਰਗੀ ਓਟ ਵਿਚ ਸਾਂ (25:15, 16)।

ਫਿਰ ਦਾਊਦ ਦੇ ਆਦਮੀਆਂ ਨੇ ਕੁਝ ਇਨਾਮ ਪਾਉਣ ਦੀ ਉਡੀਕ ਕੀਤੀ।

ਪਰ ਨਾਬਾਲ ਨੇ ਮੂਰਖਤਾ ਨਾਲ (ਕਹਾਉਤਾਂ 15:2; 18:6, 7; 29:11; ਆਦਿ)। ਉਨ੍ਹਾਂ ਦਾ ਨਿਰਾਦਰ ਕੀਤਾ ਅਤੇ ਆਖਿਆ:

> ਭਲਾ ਦਾਊਦ ਹੈ ਕੌਣ ਅਤੇ ਯੱਸੀ ਦਾ ਪੁੱਤਰ ਕੌਣ? ਅੱਜ ਕੱਲ ਬਥੇਰੇ ਨੌਕਰ ਅਜਿਹੇ ਹਨ ਜੋ ਆਪਣੇ ਮਾਲਕਾਂ ਨੂੰ ਛੱਡ ਕੇ ਨੱਠ ਜਾਂਦੇ ਹਨ। ਭਲਾ ਮੈਂ ਆਪਣੀ ਰੋਟੀ ਅਤੇ ਪਾਣੀ ਅਰ ਮਾਸ ਜੋ ਮੈਂ ਆਪਣੇ ਕਤਰਨ ਵਾਲਿਆਂ ਲਈ ਵੱਢਿਆ ਹੈ ਉਨ੍ਹਾਂ ਲੋਕਾਂ ਨੂੰ ਲਿਆ ਦਿਆਂ ਜਿਨ੍ਹਾਂ ਨੂੰ ਮੈਂ ਜਾਣਦਾ ਵੀ ਨਹੀਂ ਜੋ ਕਿੱਥੋਂ ਦੇ ਹਨ? (25:10, 11)।

ਨਾਬਾਲ ਨੇ ਦਾਅਵਾ ਕੀਤਾ ਕਿ ਉਸ ਨੇ ਦਾਊਦ ਬਾਰੇ ਕਦੇ ਸੁਣਿਆ ਹੀ ਨਹੀਂ ਸੀ ਅਤੇ ਇੱਥੋਂ ਇਹ ਸੰਕੇਤ ਮਿਲਿਆ ਕਿ ਉਸ ਨੂੰ ਦਾਊਦ ਵੱਲੋਂ ਦਿੱਤੀ ਗਈ ਸੇਵਾ ਦਾ ਕੋਈ ਇਲਮ ਨਹੀਂ ਸੀ। (''ਮੈਂ ਤਾਂ ਸਿਰਫ਼ ਐਨਾ ਹੀ ਜਾਣਦਾ ਹਾਂ ਕਿ ਉਹ ਭਗੌੜਾ ਗੁਲਾਮ ਹੋਵੇਗਾ।'') ਪਰ ਅਬੀਗੈਲ ਨੂੰ ਪਤਾ ਸੀ ਕਿ ਦਾਊਦ ਕੌਣ ਹੈ (ਤੁਲਨਾ 25:28, 30), ਇਸ ਲਈ ਯਕੀਨਨ ਸੰਭਾਵਨਾ ਹੈ ਕਿ ਉਸ ਦੇ ਪਤੀ ਨੂੰ ਵੀ ਪਤਾ ਸੀ। ਹੋ ਸਕਦਾ ਹੈ ਕਿ ਨਾਬਾਲ ਦੇ ਚਰਵਾਹੇ ਵਿੱਚੋਂ ਕਿਸੇ ਵੇਲੇ ਘਰ ਆਏ ਹੋਣ ਅਤੇ ਉਨ੍ਹਾਂ ਉਨ੍ਹਾਂ ਨੂੰ ਜ਼ਰੂਰ ਦੱਸਿਆ ਹੋਵੇਗਾ ਕਿ ਕਿਹੜੇ ਲੋਕ ਉਸ ਦੀ ਰਖਵਾਲੀ ਕਰ ਰਹੇ ਹਨ। ਨਾਬਾਲ ਦੀ ਦਿੱਕਤ ਇਹ ਨਹੀਂ ਸੀ ਕਿ ਦਾਊਦ ਕੌਣ ਸੀ; ਸਗੋਂ ਉਸ ਦੀ ਦਿੱਕਤ ਇਹ ਸੀ ਕਿ ਉਹ ਇਕ ਲਾਲਚੀ ਆਦਮੀ ਸੀ ਜਿਹੜਾ ਧਨ ਹੱਥੋਂ ਗੁਆਉਣਾ ਨਹੀਂ ਚਾਹੁੰਦਾ ਸੀ।

ਦੂਤ ਦਾਊਦ ਕੋਲ ਪਰਤ ਗਏ। ਮੈਂ ਇਕ ਸਿਪਾਹੀ ਦੇ ਚੀਕਣ ਦੀ ਕਲਪਨਾ ਕਰ ਸਕਦਾ ਹਾਂ, ''ਉਹ ਵਾਪਸ ਆ ਰਹੇ ਹਨ!'' ਭੁੱਖ ਨਾਲ ਪਰੇਸ਼ਾਨ ਦਾਊਦ ਉਨ੍ਹਾਂ ਦੇ ਪਰਤਣ ਦੀ ਬੜੀ ਤਾਂਘ ਨਾਲ ਉਡੀਕ ਕਰ ਰਿਹਾ ਸੀ। ਉਸ ਨੇ ਮੋਟੇ ਤਾਜੇ ਲੇਲੇ ਨੂੰ ਭੁੰਨਣ ਲਈ ਅੱਗ ਵੀ ਬਾਲੀ ਹੋਈ ਸੀ। ਉਸ ਦੇ ਮੂੰਹ ਵਿਚ ਪਾਣੀ ਆ ਰਿਹਾ ਸੀ। ਪਰ ਇਹ ਕਿ ਉਹ ਤਾਂ ਖ਼ਾਲੀ ਹੱਥੀਂ ਸਨ। ''ਕੀ ਹੋਇਆ?'' ਦਾਊਦ ਨੇ ਪੁੱਛਿਆ। ਜਦ ਉਨ੍ਹਾਂ ਨੇ ਸਾਰੀ ਗੱਲ ਦਾਊਦ ਨੂੰ ਦੱਸੀ, ਤਾਂ ਉਹ ਕ੍ਰੋਧਿਤ ਹੋ ਗਿਆ। ''ਆਪਣੀਆਂ ਤਲਵਾਰਾਂ ਦੀਆਂ ਧਾਰ ਤੇਜ਼ ਕਰ ਲਓ!'' ਦਾਊਦ ਨੇ ਆਪਣੇ ਆਦਮੀਆਂ ਨੂੰ ਚੀਖਦੇ ਹੋਏ ਹੁਕਮ ਦਿੱਤਾ:

> ''ਜੋ ਕੁਝ ਮਾਲ ਇਹ ਦਾ ਉਜਾੜ ਵਿੱਚ ਹੈ ਸੀ ਸੋ ਮੈਂ ਵਿਅਰਥ ਹੀ ਉਹ ਦੀ ਅਜਿਹੀ ਰਾਖੀ ਕਰਦਾ ਰਿਹਾ ਜੋ ਉਹ ਦੇ ਸਾਰੇ ਮਾਲ ਵਿੱਚੋਂ ਰਤਾ ਵੀ ਨਾ ਗੁਆਚਿਆ ਅਤੇ ਉਸ ਨੇ ਭਲਿਆਈ ਦੇ ਥਾਂ ਮੇਰੇ ਨਾਲ ਬੁਰਿਆਈ ਕੀਤੀ। ਸੋ ਜੇ ਕਦੀ ਮੈਂ ਸੇਵਰੇ ਪਰਭਾਤ ਤੀਕਰ ਉਹ ਦੇ ਸਾਰੇ ਮਨੁੱਖਾਂ ਵਿੱਚੋਂ ਇਕ ਨੂੰ ਵੀ ਜੋ ਕੰਧ ਦੇ ਨਾਲ ਮੂਤਰੇ ਛੱਡ ਦੇਵਾਂ[17] ਤਾਂ ਪਰਮੇਸ਼ੁਰ ਦਾਊਦ ਦੇ ਵੈਰੀਆਂ ਨਾਲ ਵੀ ਅਜਿਹਾ ਹੀ ਕਰੇ ਸਗੋਂ ਉਸ ਨਾਲੋਂ ਵੀ ਵਧੀਕ'' (25:21, 22)।

ਦਾਊਦ ਦਾ ਚਿਹਰਾ ਉਹਦੇ ਵਾਲਾਂ ਵਾਂਗ ਲਾਲ ਹੁੰਦਿਆਂ ਦੇਰ ਨਾ ਲੱਗੀ, ਚਾਰ ਸੌ ਹਥਿਆਰਬੰਦ ਆਦਮੀਆਂ ਨਾਲ ਉਹ ਨਾਬਾਲ ਦੇ ਘਰ ਵੱਲ ਨੂੰ ਚੱਲ ਪਿਆ!

ਯਾਦ ਰੱਖੋ ਕਿ ਨਾਬਾਲ ਨੇ ਕੋਈ ਕਾਨੂੰਨ ਜਾਂ ਕਿਸੇ ਕਿਸਮ ਦਾ ਕੋਈ ਵਾਅਦਾ ਨਹੀਂ ਤੋੜਿਆ ਸੀ। ਨਾ ਉਸ ਨੇ ਦਾਊਣ ਨੂੰ ਕਿਸੇ ਕਿਸਮ ਦੀ ਕੋਈ ਧਮਕੀ ਦਿੱਤੀ ਸੀ ਅਤੇ ਨਾ ਹੀ ਦਾਊਦ ਨੂੰ ਉਸ ਤੋਂ ਕੋਈ ਖ਼ਤਰਾ ਸੀ। ਉਸ ਨੇ ਤਾਂ ਸਿਰਫ਼ (1) ਦਾਊਦ ਦਾ ਨਿਰਾਦਰ ਕੀਤਾ ਸੀ ਅਤੇ (2) ਦਾਊਦ ਵੱਲੋਂ ਕੀਤੀ ਗਈ ਸੇਵਾ ਦੀ ਤਾਰੀਫ਼ ਨਹੀਂ ਕੀਤੀ ਸੀ। ਕੀ ਤੁਸੀਂ ਕਿਸੇ ਬੈਰੇ ਨੂੰ ਬਖਸ਼ੀਸ਼ ਨਾ ਦੇਣ ਤੇ ਉਸ ਨੂੰ ਤੁਹਾਡੇ ਪਿੱਛੇ ਪਿਸਤੌਲ ਲੈ ਕੇ ਆਉਣ ਦੀ ਕਲਪਨਾ ਕਰ ਸਕਦੇ ਹੋ? (ਮੈਂ ਅਜਿਹੇ ਲੋਕਾਂ ਦਾ ਅਪਮਾਨ ਝੱਲਿਆ ਹੈ ਜਿਨ੍ਹਾਂ ਨੂੰ ਲਗਦਾ ਸੀ ਕਿ ਮੈਂ ਉਨ੍ਹਾਂ ਨੂੰ ਲੋੜੀਂਦੇ ਬਖਸ਼ੀਸ਼ ਨਹੀਂ ਦਿੱਤੀ, ਪਰ ਮਾਰਨ ਦੀ ਕੋਸ਼ਿਸ਼ ਕਦੀ ਕਿਸੇ ਨੇ ਨਹੀਂ ਕੀਤੀ!) ਜੋ ਵੀ ਹੋਵੇ ਤੁਸੀਂ ਇਸ ਤੇ ਧਿਆਨ ਦਿਓ ਕਿ ਦਾਊਦ ਕੁਝ ਜਿਆਦਾ ਹੀ ਪ੍ਰਤੀਕ੍ਰਿਆ ਕਰ ਰਿਹਾ ਸੀ। ਚਾਰ ਸੌ ਆਦਮੀ (ਅਤੇ ਦਾਊਦ) ਨਾਬਾਲ ਅਤੇ ਉਸ ਦੇ ਸੇਵਕਾਂ ਨੂੰ ਮਾਰਨ ਲਈ ਜਾ ਰਹੇ ਸਨ, ਉਹ ਇਕ ਕਾਕਰੋਚ ਨੂੰ ਬੰਦੂਕ ਨਾਲ ਮਾਰਨ ਜਾ ਰਹੇ ਸਨ। ਇਹ ਵੀ ਯਾਦ ਰੱਖੋ ਕਿ ਨਾਬਾਲ ਨੇ ਮੌਤ ਦੀ ਸਜ਼ਾ ਯੋਗ ਕੋਈ ਕੰਮ ਨਹੀਂ ਕੀਤਾ ਸੀ; ਇਸ ਕਰਕੇ ਦਾਊਦ ਜੋ ਕਰ ਰਿਹਾ ਸੀ ਉਹ ਕਤਲ ਦੀ ਯੋਜਨਾ ਹੀ ਸੀ ਜਿਸ ਨੂੰ ਪਹਿਲਾਂ ਤੋਂ ਹੀ ਧਾਰਿਆ *ਕਤਲ* ਆਖਿਆ ਜਾ ਸਕਦਾ ਹੈ।

ਇੱਥੇ ਬਹੁਤ ਸਾਰੇ ਟੀਕਾਕਾਰ ਆਪਣੇ ਸਿਰ ਹਿਲਾਉਂਦੇ ਹਨ। ''ਇਹ ਮੰਨਣ ਵਿਚ ਨਹੀਂ ਆਉਂਦਾ ਕਿ ਉਹ ਉਹੀ ਆਦਮੀ ਹੈ ਜਿਸ ਨੇ ਉਸ ਬਾਦਸ਼ਾਹ ਦੀ ਜਾਨ ਬਖ਼ਸ਼ੀ ਸੀ ਜਿਹੜਾ ਦਾਊਦ ਦੇ ਖੂਨ ਦਾ ਪਿਆਸਾ ਸੀ। ਪਰ ਹੁਣ ਉਹ ਇਕ ਅਜਿਹੇ ਆਦਮੀ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਸੀ ਜਿਸ ਨੇ ਉਸ ਨੂੰ 'ਧੰਨਵਾਦ' ਨਹੀਂ ਆਖਿਆ ਸੀ! ਦਾਊਦ ਦੀ ਸ਼ਖ਼ਸੀਅਤ ਵਿਚ ਅਚਾਨਕ ਹੀ ਇਸ ਤਬਦੀਲੀ ਨੂੰ ਕੀ ਕਿਹਾ ਜਾ ਸਕਦਾ ਸੀ?'' ਮੈਨੂੰ ਨਹੀਂ ਲਗਦਾ ਕਿ ਉਸਦੀ ਸ਼ਖ਼ਸੀਅਤ ਵਿਚ ਕੋਈ ਤਬਦੀਲੀ ਆਈ ਹੈ। ਮੇਰੇ ਖ਼ਿਆਲ ਵਿਚ ਅਧਿਆਇ 25 ਵਿਚ ਸਾਨੂੰ ਦਾਊਦ ਦੀ *ਸੁਭਾਵਿਕ* ਪ੍ਰਤੀਕ੍ਰਿਆ ਪਤਾ ਚੱਲਦੀ ਹੈ। ਜੇ ਸ਼ਾਊਲ ਖ਼ੁਦਾ ਦਾ ਮਸਹ ਕੀਤਾ ਹੋਇਆ ਨਾ ਹੁੰਦਾ, ਤਾਂ ਉਹ ਸ਼ਾਊਲ ਨਾਲ ਅਜਿਹਾ ਹੀ ਵਿਹਾਰ ਕਰਨਾ *ਪਸੰਦ ਕਰਦਾ,* ਭਾਵ ਉਸਨੇ ਸ਼ਾਊਲ ਨੂੰ ਮਾਰ *ਦੇਣਾ* ਸੀ।[18] ਇਸ ਦੇ ਇਲਾਵਾ ਮੇਰਾ ਖਿਆਲ ਹੈ ਕਿ ਉਸ ਨੇ ਜੋ ਕੁਝ ਕਰ ਸਕਦਾ ਸੀ, ਕੀਤਾ ਸੀ ਅਤੇ ਨਾਬਾਲ ਦੀਆਂ ਜ਼ਲਾਲਤ ਭਰੀਆਂ ਗੱਲਾਂ ਵਿੱਚੋਂ ਹਾਥੀ ਦੀ ਪੂਛ ਸੀ। ਉਸਨੂੰ ਲੱਗਾ ਹੋਵੇਗਾ ''ਸ਼ਾਊਲ ਕੋਲੋਂ ਤਾਂ ਮੈਂ ਬਦਸਲੂਕੀ ਸਹਿਣੀ ਹੀ ਹੈ, ਪਰ ਇਸ ਵਿਅਰਥ ਦੇ ਪੁੱਤਰ ਤੋਂ ਕਿਉਂ ਸਹਾਂ!''

ਜਦ ਕਿ ਦਾਊਦ ਨੇ ਬਦਲਾ ਲੈਣ ਬਾਰੇ ਇਕ ਖ਼ਾਸ ਸਬਕ ਸਿੱਖਿਆ ਸੀ ਕਿ ਖ਼ੁਦਾ ਦੇ ਮਸਹ

ਕੀਤੇ ਤੋਂ ਬਦਲਾ ਨਹੀਂ ਲੈਣਾ ਚਾਹੀਦਾ ਪਰ ਉਸ ਨੇ ਸਿੱਧਾ ਸਬਕ ਸਿੱਖਿਆ ਸੀ ਕਿ ਭਾਵੇਂ ਕੋਈ ਵੀ ਹੋਵੇ ਉਸ ਤੋਂ ਬਦਲਾ ਲੈਣ ਦਾ ਕੰਮ ਆਪਣੇ ਹੱਥਾਂ ਵਿਚ ਨਹੀਂ ਲੈਣਾ ਚਾਹੀਦਾ।

ਜਦ ਦਾਊਦ ਆਪਣੇ ਆਦਮੀਆਂ ਨੂੰ ਕਤਲੇਆਮ ਲਈ ਤਿਆਰ ਕਰ ਰਿਹਾ ਸੀ, ਤਾਂ ਨਾਬਾਲ ਦੇ ਸੇਵਕਾਂ ਵਿੱਚੋਂ ਇਕ ਨੇ ਜਾ ਕੇ ਅਬੀਗੈਲ ਨੂੰ ਦਾਊਦ ਦੀ ਯੋਜਨਾ ਬਾਰੇ ਦੱਸ ਦਿੱਤਾ। ਯਾਦ ਰੱਖੋ ਕਿ ਅਬੀਗੈਲ ਆਪਣੀ ਸ਼ਾਦੀ ਤੋਂ ਖੁਸ਼ ਨਹੀਂ ਸੀ। ਉਸ ਕੋਲ ਇਕ ਮੂਰਖ ਪਤੀ ਨਾਲ ਜ਼ਿੰਦਗੀ ਕੱਟਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਸੀ। ਜਦ ਉਸ ਨੇ ਸੁਣਿਆ ਕਿ ਦਾਊਦ ਆਪਣੇ ਚਾਰ ਸੌ ਹਥਿਆਰਬੰਦ ਆਦਮੀਆਂ ਨਾਲ ਆ ਰਿਹਾ ਹੈ ਤਾਂ ਥੋੜੀ ਮੁਸਕੁਰਾਹਟ ਨਾਲ ਉਸ ਦੀਆਂ ਅੱਖਾਂ ਝਪਕੀਆਂ ਹੋਣਗੀਆਂ ਅਤੇ ਉਸ ਨੇ ਕਿਹਾ ਹੋਵੇਗਾ ''ਮੇਰੇ ਖਿਆਲ ਵਿਚ ਮੈਨੂੰ ਆਪਣੇ ਕਮਰੇ ਵਿਚ ਜਾ ਕੇ ਆਪਣੇ ਪਤੀ ਲਈ ਦੁਆ ਕਰਨੀ ਚਾਹੀਦੀ ਹੈ।''[19] ਤੀਹ ਜਾਂ ਚਾਲੀ ਮਿੰਟਾਂ ਜਾਂ ਇਕ ਘੰਟੇ ਬਾਅਦ ਉਸਦੇ ਬਾਹਰ ਆਉਣ ਤਕ ਸਭ ਕੁਝ ਖ਼ਤਮ ਹੋ ਜਾਣਾ ਸੀ। ਉਹ ਕੁਝ ਮਹੀਨੇ ਵਿਧਵਾ ਦੇ ਕੱਪੜੇ ਪਹਿਨਦੀ ਅਤੇ ਫਿਰ ਉਸ ਇਲਾਕੇ ਦੀ ਸਭ ਤੋਂ ਅਮੀਰ ਵਿਧਵਾ ਹੋਣ ਦਾ ਅਨੰਦ ਲੈਂਦੀ ਅਤੇ ਕੋਈ ਉਸ ਉੱਤੇ ਉਂਗਲੀ ਵੀ ਨਹੀਂ ਚੁੱਕ ਸਕਦਾ ਸੀ!

ਪਰ ਉਸ ਨੇ ਇੰਜ ਜਵਾਬ ਨਹੀਂ ਦਿੱਤਾ ਸਗੋਂ ਉਸ ਨੇ ਛੇਤੀ ਹੀ ਆਪਣੇ ਪਤੀ ਦੀ ਜਾਨ ਬਚਾਉਣ ਦੀ ਯੋਜਨਾ ਬਣਾਈ। ਉਸ ਯੋਜਨਾ ਵਿਚ ਉਸ ਦੀ ਆਪਣੀ ਜਾਨ ਵੀ ਜਾ ਸਕਦੀ ਸੀ, ਲੇਕਿਨ ਉਹ ਉਸ ਲਈ ਤਿਆਰ ਸੀ। ਕਿਉਂ, ਕਿਉਂਕਿ ਨਾਬਾਲ ਦੇ ਨਾਲ ਵਿਆਹ ਕਰਦੇ ਸਮੇਂ ਉਸ ਨੇ ਖ਼ੁਦਾ ਦੇ ਸਾਮਹਣੇ ਵਚਨ ਲਿਆ ਸੀ (ਤੁਲਨਾ ਮਲਾਕੀ 2:14; ਮੱਤੀ 19:6)। ਉਹ ਭਾਵੇਂ ਅਸੱਭਿਅ ਸੀ, ਜਾਂ ਬਦਜ਼ਬਾਨ ਸੀ, ਜਾਂ ਰਕੱਬਾ ਸੀ ਪਰ ਸੀ ਤਾਂ ਉਸ ਦਾ ਪਤੀ, ਅਤੇ ਉਸ ਨੇ ਜ਼ਿੰਗਦੀ ਭਰ ਲਈ ਉਸ ਨਾਲ ਵਿਆਹ ਕੀਤਾ ਸੀ! ਅੱਜ ਝਟਪਟ ਟੁੱਟਣ ਵਾਲੇ ਵਿਆਹਾਂ ਵਿਚ, ਸਾਨੂੰ ਅਬੀਗੈਲ ਦੇ ਵਿਹਾਰ ਦੀ ਕਿੰਨੀ ਲੋੜ ਹੈ! ਖ਼ੁਦਾ ਅੱਜ ਵੀ ਕਹਿੰਦਾ ਹੈ, ''ਮੈਂ ਤਲਾਕ ਤੋਂ ਨਫ਼ਰਤ ਕਰਦਾ ਹਾਂ'' (ਮਲਾਕੀ 2:16), ਅਤੇ ਯਿਸੂ ਅੱਜ ਵੀ ਕਹਿੰਦਾ ਹੈ, ''ਸੋ ਜੋ ਕੁਝ ਪਰਮੇਸ਼ੁਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ''(ਮੱਤੀ 19:6)।

ਅਬੀਗੈਲ ਨੇ ਫ਼ੌਰਨ ਆਪਣੀ ਯੋਜਨਾ ਤੇ ਕੰਮ ਕੀਤਾ ਉਸ ਨੇ ਉਨ੍ਹਾਂ ਚਾਰ ਸੌ ਭੁੱਖੇ ਬੰਦਿਆਂ ਦਾ ਪੇਟ ਭਰਨ ਲਈ ਫ਼ੌਰਨ ਆਪਣੀ ਰਸੋਈ ਅਤੇ ਗੁਦਾਮ ਦਾ ਰਾਸ਼ਨ ਕੱਢ ਕੇ ਖੋਤਿਆਂ ਤੇ ਲੱਦਿਆ ਅਤੇ ਦਾਊਦ ਦੀ ਤਲਾਸ਼ ਵਿਚ ਨਿਕਲ ਪਈ, ਇਕੱਲੀ ਔਰਤ ਕਤਲ ਦੇ ਇਰਾਦੇ ਨਾਲ ਆ ਰਹੀ ਫ਼ੌਜ ਦਾ ਸਾਹਮਣਾ ਕਰਨ ਜਾ ਰਹੀ ਸੀ।[20]

ਉਸ ਨੇ ਦਾਊਦ ਅਤੇ ਉਸ ਦੇ ਆਦਮੀਆਂ ਨੂੰ ਇਕ ਘਾਟੀ ਵਿਚ ਰਸਤੇ ਵਿਚ ਹੀ ਰੋਕ ਲਿਆ। ਉਹ ਆਪਣੇ ਖੋਤੇ ਤੋਂ ਉੱਤਰ ਦਾਉਦ ਦੀ ਫ਼ੌਜ ਦੇ ਰਾਹ ਵਿਚ ਆ ਕੇ ਉਨ੍ਹਾਂ ਦੇ ਸਾਹਮਣੇ ਡਿਗ ਗਈ। ਮੈਂ ਦਾਊਦ ਨੂੰ ਜੋ ਕਦਮਤਾਲ ਕਰਦੇ ਹੋਏ, ਖੂਨੀ ਮਾਰਚ ਤੇ ਅੱਗੇ ਵਧਣ ਲਈ ਕਾਹਲਾ ਹੈ, ਆਪਣੇ ਆਦਮੀਆਂ ਨੂੰ ਰੋਕਣ ਲਈ ਹੱਥ ਨਾਲ ਇਸ਼ਾਰਾ ਕਰਦੇ ਵੇਖਣ ਦੀ ਕਲਪਨਾ ਕਰ ਸਕਦਾ ਹਾਂ। ਦਾਊਦ ਦੇ ਸਾਹਮਣੇ ਗੋਡੇ ਟੇਕ ਕੇ ਅਬੀਗੈਲ ਨੇ ਬਾਈਬਲ ਵਿਚ ਮਿਲਣ ਵਾਲੀਆਂ ਸਭ ਤੋਂ ਸ਼ਾਨਦਾਰ ਬੇਨਤੀਆਂ ਵਿੱਚੋਂ ਇਕ ਕੀਤੀ। (ਮੈਨੂੰ ਲਗਦੈ ਕਿ ਆਪਣੇ ਪਤੀ ਲਈ ਉਸ ਨੇ ਕੋਈ ਪਹਿਲੀ ਵਾਰ ਮਾਫ਼ੀ ਨਹੀਂ ਮੰਗੀ; ਉਸ ਨੇ ਪਹਿਲਾਂ ਵੀ ਉਹਦੀ ਬਦਜ਼ਬਾਨੀ ਕਾਰਣ ਕਈ ਵਾਰ ਮਾਫ਼ੀ ਮੰਗੀ ਹੋਵੇਗੀ!)

ਅਬੀਗੈਲ ਨੇ ਗੱਲਬਾਤ ਕਰਕੇ ਉਸ ਦੀ ਨਾਸਮਝੀ ਦੀ ਜ਼ਿੰਮੇਵਾਰੀ ਪੂਰੀ ਆਪਣੇ ਉੱਪਰ ਲੈ ਲਈ (25:24; ਵੇਖੋ 25:28)। ਦਾਊਦ ਲਈ ਇਹ ਗੱਲ ਪਰੇਸ਼ਾਨ ਕਰਨ ਵਾਲੀ ਸੀ।

ਇਕ ਤਾਂ ਇਹ ਨਾਬਾਲ ਵਰਗੇ ਮੂਰਖ ਨੂੰ ਮਾਰਨ ਦੀ ਅਤੇ ਦੂਜੀ ਇਕ ਖੂਬਸੂਰਤ ਔਰਤ ਨੂੰ ਮਾਰਨ ਦੀ ਗੱਲ ਸੀ।[21] ਉਸ ਨੇ ਦਾਊਦ ਨੂੰ ਆਪਣੀਆਂ ਲਿਆਂਦੀਆਂ ਹੋਈਆਂ ਭੇਟਾਂ ਕਬੂਲ ਕਰਨ ਦੀ ਬੇਨਤੀ ਕੀਤੀ (25:27)। ਆਪਣੀ ਪੂਰੀ ਗੱਲਬਾਤ ਦੌਰਾਨ ਉਸ ਨੇ ਦਾਊਦ ਲਈ ਬੜਾ ਸਨਮਾਨ ਵਿਖਾਇਆ। ਉਸ ਨੇ ਦਾਊਦ ਨੂੰ ਬਾਰਾਂ ਵਾਰ ''ਆਪਣਾ ਪ੍ਰਭੂ'' ਅਤੇ ਆਪਣੇ ਆਪ ਨੂੰ ''ਤੁਹਾਡੀ ਦਾਸੀ'' ਕਿਹਾ! ਉਸ ਨੇ ਇਹ ਭਰੋਸਾ ਦਿੱਤਾ ਕਿ ਖ਼ੁਦਾ ਦਾਊਦ ਦੇ ਨਾਲ ਹੋਵੇਗਾ (25:28–31)।[22] ਉਸ ਦੀਆਂ ਗੱਲਾਂ ਗੁੱਸਾ ਮੱਠਾ ਕਰਨ ਦੇ ਚਾਹਵਾਨ ਕਿਸੇ ਵੀ ਆਦਮੀ ਲਈ ਮਿਸਾਲ ਹਨ।

ਅਬੀਗੈਲ ਨੇ ਜਿਹੜੀ ਸਭ ਤੋਂ ਅਹਿਮ ਗੱਲ ਕੀਤੀ ਇਹ ਸੀ ਕਿ ਇਸ ਕੜਾਕੇਦਾਰ ਬੰਦੇ ਨੂੰ ਆਪਣੀ ਯੋਜਨਾ ਦੇ ਅੰਜਾਮ ਤੇ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ।

> ''ਸੋ ਹੁਣ ..., ਜੀਉਂਦੇ ਪਰਮੇਸ਼ੁਰ ਦੀ ਸੌਂਹ, ਅਤੇ ਤੇਰੀ ਜਿੰਦ ਦੀ ਸੌਂਹ, ਕਿਉਂ ਜੋ ਯਹੋਵਾਹ ਨੇ ਤੁਹਾਨੂੰ ਲਹੂ ਵਗਾਉਣੋਂ ਅਤੇ ਆਪਣੇ ਹੱਥ ਨਾਲ ਬਦਲੇ ਲੈਣੋਂ ਹਟਾਇਆ ਸੋ ਤੁਹਾਡੇ ਵੈਰੀ ਅਤੇ ਉਹ ਜੋ ਮੇਰੇ ਮਹਾਰਾਜ ਦੀ ਬੁਰਿਆਈ ਲੋਚਦੇ ਹਨ ਨਾਬਾਲ ਵਰਗੇ ਹੋਣ! ... ਅਤੇ ਅਜਿਹਾ ਹੋਵੇਗਾ, ਜਿਸ ਵੇਲੇ ਯਹੋਵਾਹ ਆਪਣੇ ਆਖਣ ਦੇ ਅਨੁਸਾਰ ਸਾਰੀਆਂ ਭਲਿਆਈਆਂ ਮੇਰੇ ਮਹਾਰਾਜ ਨਾਲ ਕਰ ਛੱਡੇ ਅਤੇ ਤੁਹਾਨੂੰ ਇਸਰਾਏਲ ਦਾ ਪਰਧਾਨ ਠਹਿਰਾਏ।[23] ਤਾਂ ਇਹ ਗੱਲ ਤੁਹਾਨੂੰ ਔਖ ਦਾ ਕਾਰਨ ਨਾ ਹੋਵੇਗੀ ਅਤੇ ਮੇਰੇ ਮਹਾਰਾਜ ਦੇ ਮਨ ਵਿਚ ਕਲੇਸ਼ ਨਾ ਹੋਵੇਗਾ ਜੋ ਮੈਂ ਵਿਅਰਥ ਲਹੂ ਵਗਾਇਆ ਯਾ ਮੇਰੇ ਮਹਾਰਾਜ ਨੇ ਆਪਣਾ ਬਦਲਾ ਲਿਆ'' (25:26, 30, 31)।

ਅਬੀਗੈਲ ਨੇ ਕਿਹਾ, ''ਯਹੋਵਾਹ ਤੈਨੂੰ ਇਸਰਾਏਲ ਦਾ ਪ੍ਰਧਾਨ ਠਹਿਰਾਵੇਗਾ, ਤਦ ਤੈਨੂੰ ਇਸ ਕਾਰਣ ਪਛਤਾਉਣਾ ਨਹੀਂ ਪਵੇਗਾ ਅਤੇ ਮੇਰੇ ਪ੍ਰਭੂ ਦਾ ਦਿਲ ਦੁਖੀ ਨਾ ਹੋਵੇਗਾ ਕਿ ਤੂੰ ਵਿਅਰਥ ਖ਼ੂਨ ਕੀਤਾ ਹੈ, ਅਤੇ ਆਪਣਾ ਬਦਲਾ ਆਪ ਲਿਆ ਹੈ।''

ਦਾਊਦ ਦੀ ਪ੍ਰਤੀਕ੍ਰਿਆ ਤੋਂ ਪਤਾ ਲਗਦਾ ਹੈ ਉਸਨੂੰ ''ਖ਼ੁਦਾ ਦੇ ਮਨ ਦੇ ਅਨੁਸਾਰੀ ਇਕ ਮਨੁੱਖ'' ਕਿਉਂ ਕਿਹਾ ਜਾਂਦਾ ਹੈ। ਉਸ ਦਾ ਮਨ ਸਿੱਖਣ ਵਾਲਾ ਸੀ; ਉਸ ਦਾ ਮਨ ਸੰਵੇਦਨਸ਼ੀਲ ਸੀ।[24] ਉਸ ਨੇ ਕਿਹਾ: ''ਮੁਬਾਰਕ ਹੈ ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਜਿਸ ਨੇ ਤੈਨੂੰ ਅੱਜ ਮੇਰੇ ਮਿਲਣ ਨੂੰ ਘੱਲਿਆ ਹੈ। ਅਤੇ ਮੁਬਾਰਕ ਤੇਰੀ ਮੱਤ ਅਤੇ ਮੁਬਾਰਕ ਤੂੰ ਹੈਂ ਕਿਉਂ ਜੋ ਅੱਜ ਦੇ ਦਿਨ ਤੂੰ ਮੈਨੂੰ ਲਹੂ ਵਗਾਉਣੋਂ ਅਤੇ ਆਪਣੇ ਹੱਥੀਂ ਬਦਲਾ ਲੈਣ ਤੋਂ ਹਟਾਇਆ'' (25:32, 33)। ਦਾਊਦ ਜਿਸ ਦੇ ਸਿਰ ਤੇ ਖ਼ੂਨ ਸਵਾਰ ਸੀ, ਇਹ ਅਹਿਮ ਸਬਕ ਸਿੱਖ ਰਿਹਾ ਸੀ ਜੋ ਉਸ ਨੂੰ ਬਾਦਸ਼ਾਹ ਦੇ ਰੂਪ ਵਿਚ ਸਿੱਖਣਾ ਜ਼ਰੂਰੀ ਸੀ ਕਿ ਹਿੰਸਾ ਹਿੰਸਾ ਨੂੰ ਜਨਮ ਦਿੰਦੀ ਹੈ; ਜਦ ਕਿ, ਸੰਜਮ ਨਾਲ ਸ਼ਾਂਤੀਦਾਇਕ ਹੱਲ ਨਿਕਲ ਸਕਦਾ ਹੈ।

ਬੁੱਧੀਮਾਨ ਸੁਲੇਮਾਨ ਨੇ ਕਿਹਾ, ''ਮੂਰਖ ਨੂੰ ਉਹ ਦੀ ਮੂਰਖਤਾਈ ਦੇ ਅਨੁਸਾਰ ਉੱਤਰ ਨਾ ਦੇਹ, ਕਿਤੇ ਤੂੰ ਵੀ ਉਹ ਦੇ ਵਰਗਾ ਨਾ ਹੋ ਜਾਵੇਂ'' (ਕਹਾਉਤਾਂ 26:4)। ਇਹ ਗੱਲ ਉਸ ਨੇ ਆਪਣੇ ਪਿਤਾ ਦਾਊਦ ਤੋਂ ਹੀ ਸਿੱਖੀ ਹੋਵੇਗੀ ਕਿਉਂਕਿ ਦਾਊਦ ਇਕ ਮੂਰਖ ਨੂੰ ਮੂਰਖਤਾ ਨਾਲ ਜਵਾਬ ਦੇਣ ਹੀ ਵਾਲਾ ਸੀ।

ਕਹਿੰਦੇ ਹਨ ਕਿ ''ਬਦਲਾ ਲੈ ਕੇ ਅੱਗੇ ਨਹੀਂ ਵਧਿਆ ਜਾ ਸਕਦਾ।'' ਸਾਫ਼ ਤੌਰ ਤੇ ਲੋਕਾਂ ਤੋਂ ਬਦਲਾ ਲੈਣ ਦੀਆਂ ਸਾਡੀਆਂ ਕੋਸ਼ਿਸ਼ਾਂ ਸਾਡੇ ਉੱਤੇ ਹੀ ਭਾਰੀ ਪੈਂਦੀਆਂ ਹਨ ਅਤੇ ਦੂਜਿਆਂ

ਦਾ ਕੁਝ ਵਿਗਾੜਨ ਦੀ ਥਾਂ ਅਸੀਂ ਆਪਣੇ ਆਪ ਨੂੰ ਹੀ ਨੁਕਸਾਨ ਪਹੁੰਚਾਉਂਦੇ ਹਾਂ। ਇਕ ਵਾਰ ਦੀ ਗੱਲ ਹੈ ਕਿ ਮੈਨੂੰ ਲਗਦਾ ਸੀ ਕਿ ਇਕ ਕਾਰ ਡੀਲਰ ਨੇ ਮਰੇ ਨਾਲ ਚੰਗਾ ਨਹੀਂ ਕੀਤਾ। ਮੈਂ ਸੋਚਿਆ, ''ਉਸ ਨੂੰ ਦੱਸਾਂਗਾ ਜ਼ਰੂਰ!'' ''ਹੁਣ ਮੈਨੂੰ ਉਸ ਨਾਲ ਕੋਈ ਕੰਮ ਨਹੀਂ ਪੈਂਦਾ!'' ਆਖ਼ਰ ਮੈਨੂੰ ਇਹ ਸਮਝ ਆ ਗਈ ਕਿ ਉਸ ਛੋਟੇ ਜਿਹੇ ਸ਼ਹਿਰ ਵਿਚ ਜਿੱਥੇ ਮੈਂ ਰਹਿੰਦਾ ਸਾਂ, ਸਿਰਫ਼ ਉਹੀ ਇਕ ਡੀਲਰ ਸੀ ਜਿਹੜਾ ਮੇਰੀ ਕਾਰ ਦੀ ਵਰੰਟੀ ਕੰਪਨੀ ਤੋਂ ਦੁਆ ਸਕਦਾ ਸੀ।

ਅਗਲੀ ਵਾਰ ਜਦ ਕਦੇ ਤੁਸੀਂ ਕਿਸੇ ਤੋਂ ਬਦਲਾ ਲੈਣ ਦੀ ਅਜ਼ਮਾਇਸ਼ ਵਿਚ ਪਵੋ, ਤਾਂ ਦਸ (ਜਾਂ ਵੀਹ ਜਾਂ ਸੌ ਵਾਰ ਜਿੰਨੀ ਵਾਰ ਵੀ ਜ਼ਰੂਰੀ ਹੋਵੇ) ਹਿਸਾਬ ਲਗਾਓ, ਫਿਰ ਆਪਣੀ ਇੱਜ਼ਤ, ਮਨ ਦੀ ਸ਼ਾਂਤੀ, ਅਤੇ ਆਪਣੀ ਆਤਮਾ ਲਈ ''ਬਦਲਾ ਲੈਣ ਦੇ ਕੀਮਤੀ ਮੁੱਲ ਦਾ ਹਿਸਾਬ ਲਗਾਓ।''

ਅਧਿਆਇ 25 ਦੀ ਕਹਾਣੀ ਛੇਤੀ ਹੀ ਮੁੱਕ ਜਾਂਦੀ ਹੈ। ਜਦ ਅਬੀਗੈਲ ਘਰ ਪਰਤੀ, ਤਾਂ ਉਹ ਨਾਬਾਲ ਨੂੰ ਨਹੀਂ ਦੱਸ ਸਕੀ ਕਿ ਕੀ ਹੋਇਆ ਸੀ ਕਿਉਂਕਿ ਉਹ ਨਸ਼ੇ ਵਿਚ ਸੀ (25:36)।[25] ਅਗਲੇ ਦਿਨ ਜਦ ਉਸ ਨੂੰ ਹੋਸ਼ ਆਈ ਤਾਂ ਉਸ ਨੇ ਦੱਸਿਆ ਅਤੇ ਉਸ ਨੂੰ ਦਿਲ ਦਾ ਦੌਰਾ ਪੈ ਗਿਆ।[26] ਕੁਝ ਦਿਨਾਂ ਪਿੱਛੋਂ ਉਹ ਮਰ ਗਿਆ।[27] ਜਦ ਦਾਊਦ ਨੇ ਸੁਣਿਆ, ਤਾਂ ਉਸ ਨੇ ਕਿਹਾ, ''ਧੰਨ ਹੈ ਯਹੋਵਾਹ ਜਿਸ ਨੇ ... ਆਪਣੇ ਦਾਸ ਨੂੰ ਬੁਰਿਆਈ ਤੋਂ ਰੋਕ ਰੱਖਿਆ; ਅਤੇ ਯਹੋਵਾਹ ਨੇ ਨਾਬਾਲ ਦੀ ਬੁਰਿਆਈ ਨੂੰ ਉਸ ਦੇ ਸਿਰ ਮੜ੍ਹਿਆ'' (25:39)।

ਦਾਊਦ ਅਬੀਗੈਲ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ, ਜਿਹੜੀ ਖੂਬਸੂਰਤ ਅਤੇ ਸਾਧਨ ਸੰਪਨ ਸੀ, ਇਸ ਲਈ ਉਸਨੇ ਉਹਦੇ ਕੋਲ ਵਿਆਹ ਦੀ ਪੇਸ਼ਕਸ਼ ਲੈ ਕੇ ਆਪਣੇ ਚਾਕਰਾਂ ਨੂੰ ਭੇਜਿਆ।[28] ਅਬੀਗੈਲ ਨੇ ਦਾਊਦ ਦੀ ਪੇਸ਼ਕਸ਼ ਪਸੰਦ ਕੀਤੀ ਅਤੇ ਉਹ ਦੋਵੇਂ ਮੀਆਂ ਬੀਵੀ ਬਣ ਗਏ। ਇਸ ਕਹਾਣੀ ਦੀ ਸ਼ੁਰੂਆਤ ਦਾਊਦ ਦੁਆਰਾ ਭੋਜਨ ਦੀ ਇੱਛਾ ਨਾਲ ਸ਼ੁਰੂ ਹੋਈ ਸੀ ਅਤੇ ਅਖ਼ੀਰ ਦਾਊਦ ਨੂੰ ਇਕ ਚੰਗੀ ਪਤਨੀ ਮਿਲਣ ਨਾਲ ਹੁੰਦਾ ਹੈ।[29]

ਦਾਊਦ ਨੇ ਉਸ ਦਿਨ ਕੁਝ ਖ਼ਾਸ ਸਬਕ ਸਿੱਖੇ। ਪਹਿਲਾ, ਜਾਤੀ ਬਦਲਾ ਲੈਣਾ ਲਾਹੇਵੰਦ ਨਹੀਂ ਹੈ। ਦੂਜਾ, ਅਗਰ ਬਦਲਾ ਲੈਣਾ ਤੁਸੀਂ ਖ਼ੁਦਾ ਤੇ ਛੱਡ ਦਿੰਦੇ ਹੋ ਤਾਂ ਉਹ ਸਭ ਕੁਝ ਸਹੀ ਦਰੁੱਸਤ ਦੇਵੇਗਾ। ਇਹ ਅਜਿਹੇ ਸਬਕ ਹਨ ਜਿਹੜੇ ਸਾਡੇ ਵਿੱਚ ਹਰ ਇਕ ਨੂੰ ਸਿੱਖਣੇ ਚਾਹੀਦੇ ਹਨ।

## ਖੁਦਾ ਤੇ ਛੱਡ ਦਿਓ
## (1 ਸਮੂਏਲ 26)

ਅਬੀਗੈਲ ਤੋਂ ਸਿੱਖੇ ਸਬਕਾਂ ਦੀ ਦਾਊਦ ਨੂੰ ਛੇਤੀ ਹੀ ਲੋੜ ਪੈ ਗਈ। ਇਕ ਵਾਰ ਫੇਰ ਉਸ ਨੂੰ ਜ਼ੀਫ਼ੀਆਂ ਨੇ ਧੋਖਾ ਦਿੱਤਾ (26:1) ਅਤੇ ਸ਼ਾਊਲ ਉਹਦੇ ਹੱਥ ਦੁਬਾਰਾ ਆਉਣ ਵਾਲਾ ਸੀ।[30] ਸ਼ਾਊਲ ਅਤੇ ਉਸਦੀ ਫ਼ੌਜ ਨੇ ਹਕੀਲਾ ਨਾਮਕ ਉਸ ਪਹਾੜੀ ਤੇ ਛਾਉਣੀ ਪਾਈ ਸੀ ਜਿੱਥੇ ਜ਼ੀਫ਼ੀਆ ਨੇ ਆਖ਼ਰੀ ਵਾਰ ਦਾਊਦ ਨੂੰ ਵੇਖਿਆ ਸੀ।[31] ਜਦ ਦਾਊਦ ਨੇ ਸੁਣਿਆ ਕਿ ਸ਼ਾਊਲ ਉਸ ਦੇ ਪਿੱਛੇ ਪਿਆ ਹੋਇਆ ਹੈ ਤਾਂ ਉਸ ਨੂੰ ਯਕੀਨ ਨਹੀਂ ਹੋਇਆ ਕਿ ਸ਼ਾਊਲ ਫੇਰ ਆਪਣੇ ਵਾਅਦੇ ਤੋਂ ਮੁੱਕਰ ਗਿਆ ਹੈ। ਜਸੂਸਾਂ ਨੇ ਖ਼ਬਰ ਦੀ ਤਸਦੀਕ ਕੀਤੀ, ਪਰ ਦਾਊਦ ਖ਼ੁਦ ਵੇਖਣ ਗਿਆ।

ਰਾਤ ਦਾ ਵੇਲਾ ਸੀ ਜਦ ਦਾਊਦ ਅਤੇ ਉਸ ਦੇ ਕਈ ਆਦਮੀ ਉੱਥੇ ਪਹੁੰਚੇ,[32] ਪਰ ਚਾਨਣਾ ਹੋਣ ਕਰਕੇ ਨੇੜੇ ਦੀ ਪਹਾੜੀ ਤੋਂ ਉਨ੍ਹਾਂ ਵੇਖ ਲਿਆ ਕਿ ਸ਼ਾਊਲ ਕਿੱਥੇ ਸੁੱਤਾ ਸੀ। ਦਾਊਦ ਨੇ ਇਹ ਸਾਬਤ ਕਰਨ ਲਈ ਕਿ ਸ਼ਾਊਲ ਨੂੰ ਨੁਕਸਾਨ ਪਹੁੰਚਾਉਣ ਦਾ ਉਸ ਦਾ ਕੋਈ ਇਰਾਦਾ ਨਹੀਂ ਹੈ

ਇਕ ਆਖ਼ਰੀ ਜੋਖਿਮ ਭਰਿਆ ਯਤਨ ਕਰਨ ਦਾ ਫੈਸਲਾ ਕੀਤਾ। ਦਾਊਦ ਨੇ ਪੁੱਛਿਆ, ''ਸ਼ਾਊਲ ਦੇ ਡੇਰਿਆਂ ਵੱਲ ਮੇਰੇ ਨਾਲ ਕੌਣ ਉੱਤਰੇਗਾ?'' ਭਤੀਜਾ ਅਬੀਸ਼ਈ ਬੋਲਿਆ[33] ''ਤੁਹਾਡੇ ਨਾਲ ਮੈਂ ਉਤਰਾਂਗਾ''(26:6)।

ਸ਼ਾਊਲ ਦੀ ਛਾਉਣੀ ਵਿੱਚੋਂ ਰਿੜ੍ਹ ਕੇ ਜਾਂਦੇ ਹੋਏ ਦਾਊਦ ਅਤੇ ਅਬੀਸ਼ਈ ਕਿਸੇ ਸਿਪਾਹੀ ਨੂੰ ਚੌਕਸ ਨਾ ਪਾ ਕੇ ਹੈਰਾਨ ਹੋਏ ਹੋਣਗੇ। ਆਇਤ 12 ਵਿਚ ਟਿੱਪਣੀ ਹੈ ਕਿ ਸ਼ਾਊਲ ਦੀ ਫ਼ੌਜ ਵਿਚ ਸਭ ਤੋਂ ''ਯਹੋਵਾਹ ਵੱਲੋਂ ... ਭਾਰੀ ਨੀਂਦ ਪਾਈ ਗਈ ਸੀ।'' ਦੋਹਾਂ ਛਾਉਣੀਆਂ ਦੇ ਕੇਂਦਰ ਵਿਚ ਸੁੱਤੇ ਹੋਏ ਲੋਕਾਂ ਤੋਂ ਚੌਕਸੀ ਨਾਲ ਜਾਂਦੇ ਹੋਏ, ਉੱਥੇ ਪੁੱਜ ਗਏ ਜਿੱਥੇ ਸ਼ਾਊਲ ਸੁੱਤਾ ਸੀ ਅਤੇ ਉਨ੍ਹਾਂ ਉਸ ਦਾ ਬਰਛਾ ਉਸ ਦੇ ਸਿਰ ਕੋਲ ਜ਼ਮੀਨ ਵਿਚ ਗੱਡ ਦਿੱਤਾ।[34] ਇਸ ਤੋਂ ਪਹਿਲਾਂ ਗੁਫ਼ਾ ਵਿਚ ਉਨ੍ਹਾਂ ਲੋਕਾਂ ਵਾਂਗ ਅਬੀਸ਼ਈ ਨੇ ਵੀ ਇਸੇ ਦਾਊਦ ਲਈ ਸ਼ਾਊਲ ਨੂੰ ਮਾਰਨ ਦੀ ਖ਼ੁਦਾ ਦੀ ਇੱਛਾ ਅਤੇ ਸਬੂਤ ਦੇ ਰੂਪ ਵਿਚ ਵੇਖਿਆ (26:8)। ਇਕ ਵਾਰ ਫੇਰ ਦਾਊਦ ਨੇ ਆਖਿਆ ਕਿ ਉਹ ਸ਼ਾਊਲ ਨੂੰ ਕੁਝ ਨੁਕਸਾਨ ਨਹੀਂ ਪੁਚਾ ਸਕਦਾ ਕਿਉਂਕਿ ਉਹ ''ਯਹੋਵਾਹ ਦਾ ਮਸਹ ਕੀਤਾ ਹੋਇਆ'' ਸੀ (26:9; ਵੇਖੋ 26:11)।

ਪਰ ਇਸ ਵਾਰ ਦਾਊਦ ਨੇ ਇਸ ਵਿਚ ਇਕ ਹੋਰ ਵਿਚਾਰ ਜੋੜ ਦਿੱਤਾ। ਜਿਹੜਾ ਨਾਬਾਲ ਅਤੇ ਅਬੀਗੈਲ ਦਾ ਸਾਹਮਣਾ ਕਰਨ ਤੇ ਉਸ ਨੂੰ ਅਹਿਮ ਸਬਕ ਮਿਲਿਆ ਸੀ ਕਿ ਬਦਲਾ ਲੈਣਾ ਖ਼ੁਦਾ ਉੱਤੇ ਛੱਡ ਦਿੱਤਾ ਜਾਵੇ।[35] ਦਾਊਦ ਨੇ ਕਿਹਾ, ''ਜੀਉਂਦੇ ਯਹੋਵਾਹ ਦੀ ਸੌਂਹ, ਜਾਂ ਤਾਂ ਉਹ ਨੂੰ ਯਹੋਵਾਹ ਆਪ ਮਾਰੇਗਾ ਯਾ ਉਹ ਦੇ ਮਰਨ ਦਾ ਦਿਨ ਆਵੇਗਾ ਜਾਂ ਉਹ ਲੜਾਈ ਵਿਚ ਜਾ ਕੇ ਮਾਰਿਆ ਜਾਵੇਗਾ'' (26:10)। ਦੂਜੇ ਸ਼ਬਦਾਂ ਵਿਚ ''ਸ਼ਾਊਲ ਨੇ ਜਾਂ ਤਾਂ ਨਾਬਾਲ ਵਾਂਗ ਪ੍ਰਭੂ ਦੀ ਮਾਰ ਨਾਲ 'ਸੁਭਾਵਿਕ ਮੌਤ' ਮਰ ਜਾਣਾ ਸੀ, ਜਾਂ ਯੁੱਧ ਵਿਚ ਮਰ ਜਾਣਾ ਸੀ, ਪਰ ਇਕ ਗੱਲ ਪੱਕੀ ਹੈ ਕਿ ਅਖ਼ੀਰ ਵਿਚ ਖ਼ੁਦਾ ਸਭ ਹਿਸਾਬ ਬਰਾਬਰ ਕਰ ਦੇਵੇਗਾ।'' ਬਾਅਦ ਵਿਚ ਦੂਜੀ ਸੰਭਾਵਨਾ ਇਹੀ ਸਾਬਤ ਹੋਈ ਕਿਉਂਕਿ ਸ਼ਾਊਲ ਯੁੱਧ ਵਿਚ ਮਰ ਗਿਆ।

ਦਾਊਦ ਨੇ ਅਬੀਸ਼ਏ ਨੂੰ ਕਿਹਾ, ''... ਤੂੰ ਉਹ ਦੀ ਸਿਰਹਾਂਦੀਓਂ ਇਹ ਬਰਛੀ ਅਤੇ ਪਾਣੀ ਦੀ ਗੜਵੀ ਨੂੰ ਚੁੱਕ ਲੈ ਅਤੇ ਅਸੀਂ ਤੁਰ ਪਈਏ'' (26:11)। ਉਹ ਛਾਉਣੀ ਵਿਚ ਬੜੀ ਹੁਸ਼ਿਆਰੀ ਨਾਲ ਪਹਾੜੀ ਦੇ ਹੇਠਾਂ ਘਾਟੀ ਦੇ ਉਸ ਪਾਰ ਨੇੜੇ ਦੀ ਚੋਟੀ ਤੇ ਗਏ। ਉੱਥੇ ਦਾਊਦ ਨੇ ਅਬਨੇਰ ਨੂੰ ਅਵਾਜ਼ ਦਿੱਤੀ[36] ਜਿਹੜਾ ਬਾਦਸ਼ਾਹ ਦੀ ਰੱਖਿਆ ਲਈ ਉਸ ਦੇ ਕੋਲ ਸੌਂ ਰਿਹਾ ਸੀ: ''ਇਸਰਾਏਲ ਵਿਚ ਤੇਰੇ ਸਮਾਨ ਕੌਣ ਹੈ? ਫੇਰ ਕੀ ਹੋਇਆ ਜੋ ਤੂੰ ਆਪਣੇ ਸੁਆਮੀ ਬਾਦਸ਼ਾਹ ਦੀ ਰਾਖੀ ਨਹੀਂ ਕੀਤੀ? ਕਿਉਂ ਜੋ ਇਨ੍ਹਾਂ ਲੋਕਾਂ ਵਿੱਚੋਂ ਇਕ ਜਣਾ ਤੇਰੇ ਮਾਲਕ ਬਾਦਸ਼ਾਹ ਦੇ ਵੱਢਣ ਨੂੰ ਵੜ ਗਿਆ ਸੀ। ਅਤੇ ਹੁਣ ਵੇਖੋ, ਬਾਤਸ਼ਾਹ ਦੀ ਬਰਛੀ ਅਤੇ ਪਾਣੀ ਦੀ ਗੜਵੀ ਜੋ ਉਸ ਦੇ ਸਿਰਹਾਣੇ ਕੋਲ ਸੀ ਕਿੱਥੇ ਹੈ?'' (26:15, 16)। ਦਾਊਦ ਦੇ ਕਹਿਣ ਤੋਂ ਭਾਵ ਸੀ ਕਿ ਸ਼ਾਊਲ ਦੀ ਫ਼ੌਜ ਨਾਲੋਂ ਬੇਹਤਰ ਦੋਸਤ ਹੈ, ਕਿਉਂਕਿ ਰਾਤ ਅਬੀਸਏ ਨੂੰ ਉਸ ਦਾ ਕਤਲ ਕਰਨ ਤੋਂ ਅਬਨੇਰ ਨੇ ਜਾਂ ਫ਼ੌਜ ਨੇ ਨਹੀਂ ਸਗੋਂ ਉਸ ਨੇ ਰੋਕਿਆ।

ਸ਼ਾਊਲ ਨੇ ਦਾਊਦ ਦੀ ਅਵਾਜ਼ ਪਛਾਣ ਲਈ ਅਤੇ ਪੁਕਾਰ ਉੱਠਿਆ ''ਹੇ ਮੇਰੇ ਪੁੱਤਰ ਦਾਊਦ, ਇਹ ਤੇਰੀ ਅਵਾਜ਼ ਹੈ?'' (26:17)। ਦਾਊਦ ਨੇ ਫੇਰ ਸਬੂਤ ਦੇ ਤੌਰ ਤੇ ਕਿ ਉਹ ਸ਼ਾਊਲ ਦਾ ਵੈਰੀ ਨਹੀਂ, ਉਸ ਦਾ ਬਰਛਾ ਅਤੇ ਜੱਗ (ਝਾਰੀ) ਲੈ ਕੇ ਆਪਣੇ ਬੇਦੋਸ਼ੇ ਹੋਣ ਦੀ ਗੱਲ ਸ਼ਾਊਲ ਸਾਹਮਣੇ ਕਹੀ। ਉਸ ਨੇ ਕਿਹਾ:

> ਸੋ ਹੁਣ ਹੇ ਮਹਾਰਾਜ ਬਾਦਸ਼ਾਹ ਆਪਣੇ ਟਹਿਲੂਏ ਦੀਆਂ ਸੁਣੇ। ਜੇ ਕਦੀ ਯਹੋਵਾਹ ਨੇ ਮੇਰੇ ਵਿਰੁੱਧ ਤੈਨੂੰ ਉਕਸਾਇਆ ਹੋਵੇ (ਤੇਰੇ ਉੱਤੇ ਸਜ਼ਾ ਦੇਣ ਵਾਲੀ ਰੂਪ ਭੇਜ ਕੇ[38]) ਤਾਂ ਉਹ ਭੇਟ ਮੰਨ ਲਵੇ ਅਤੇ ਜੇ ਕਦੀ ਆਦਮ ਜਾਇਆਂ[39] ਨੇ ਅਜਿਹਾ ਕੀਤਾ ਹੋਵੇ ਤਾਂ ਯਹੋਵਾਹ ਦੇ ਅੱਗੋਂ ਉਨ੍ਹਾਂ ਉੱਤੇ ਸਰਾਪ ਹੋਵੇ ਕਿਉਂ ਜੋ ਅੱਜ ਉਨ੍ਹਾਂ ਨੇ ਯਹੋਵਾਹ ਦੀ ਦਿੱਤੀ ਹੋਈ ਮਿਲਖ ਵਿਚ ਰਹਿਣ ਤੋਂ ਮੈਨੂੰ ਧੱਕ ਦਿੱਤਾ ਅਤੇ ਮੈਨੂੰ ਆਖਦੇ ਹਨ, ਜਾਹ, ਹੋਰਨਾਂ ਦੇਵਤਿਆਂ ਦੀ ਪੂਜਾ ਕਰ। ਸੋ ਹੁਣ ਯਹੋਵਾਹ ਦੇ ਸਾਹਮਣੇ ਮੇਰਾ ਲਹੂ ਧਰਤੀ ਉੱਤੇ ਨਾ ਵਹੇ ... (26:19, 20)।[40]

ਦਾਊਦ ਦੀ ਸਭ ਤੋਂ ਵੱਡੀ ਚਿੰਤਾ ਇਹ ਨਹੀਂ ਸੀ ਕਿ ਉਹਨੂੰ ਇਕ ਭਗੌੜੇ ਵਾਂਗ ਰਹਿਣ ਨੂੰ ਮਜਬੂਰ ਕੀਤਾ ਗਿਆ ਸੀ ਸਗੋਂ ਇਹ ਸੀ ਕਿ ਉਹ ਖ਼ੁਦਾ ਦੀ ਬੰਦਗੀ ਲਈ ਖ਼ੁਦਾ ਦੇ ਬਾਕੀ ਲੋਕਾਂ ਨਾਲ ਤੰਬੂ ਕੋਲ ਨਹੀਂ ਜਾ ਸਕਦਾ ਸੀ! ਉਸ ਦਾ ਵਿਹਾਰ ਸਾਡੇ ਵਿੱਚੋਂ ਕਈਆਂ ਦੇ ਉਲਟ ਜਿਹੜੇ ਆਪਣੇ ਭਾਈਆਂ ਅਤੇ ਭੈਣਾਂ ਨਾਲ ਇਕੱਠੇ ਹੋਣ ਤੋਂ ਬਚਣ ਦਾ ਬਹਾਨਾ ਲੱਭਦੇ ਹਨ ''ਮੈਂ ਖੁਸ਼ ਹੋਇਆ ਜਦ ਓਹ ਮੈਨੂੰ ਆਖਣ ਲੱਗੇ, ਭਈ ਯਹੋਵਾਹ ਦੇ ਘਰ ਨੂੰ ਚੱਲੀਏ!'' (ਜ਼ਬੂਰ 122:1)। ਜਦ ਉਹ ਨਹੀਂ ਜਾ ਪਾਉਂਦਾ ਸੀ ਤਾਂ ਦੁਖੀ ਹੁੰਦਾ ਸੀ।

ਦਾਊਦ ਨੇ ਆਪਣੇ ਦਿਲ ਨੂੰ ਛੂਹਣ ਲਈ ਗੱਲਬਾਤ ਵਿਚ, ਅਬੀਗੈਲ ਤੋਂ ਸਿੱਖੇ ਗਏ ਸਬਕ ਦਾ ਜ਼ਿਕਰ ਵੀ ਕੀਤਾ: ''ਅਤੇ *ਯਹੋਵਾਹ* ਸਭਨਾਂ ਮਨੁੱਖਾਂ ਨੂੰ ਆਪੋ ਆਪਣੀ ਨੀਤ ਅਤੇ ਭਲਮਾਣਸੀ ਦੇ ਅਨੁਸਾਰ ਫਲ ਦੇਵੇ'' (26:23)।

ਫੇਰ ਲੱਗਾ ਕਿ ਸ਼ਾਊਲ ਨੂੰ ਕੁਝ ਅਹਿਸਾਸ ਹੋਇਆ। ਉਸ ਨੇ ਕਿਹਾ, ''ਮੈਂ ਪਾਪ ਕੀਤਾ ਹੈ''[41] ਅਤੇ ''ਮੈਂ ਮੂਰਖ ਬਣਿਆ।'' ਉਸ ਨੇ ਅਰਜ਼ ਕੀਤੀ, ''ਹੇ ਮੇਰੇ ਪੁੱਤਰ ਦਾਊਦ ਮੁੜ ਆ ਕਿਉਂ ਜੋ ਮੈਂ ਤੈਨੂੰ ਫੇਰ ਨਾ ਦੁਖਾਵਾਂਗਾ'' (26:21)। ਉਹ ਦਾਊਦ ਨੂੰ ਆਪਣਾ ''ਪੁੱਤਰ'' ਸੱਦਦਾ ਰਿਹਾ, ਪਰ ਪਿਛਲੀ ਵਾਰ ਵਾਂਗ ਦਾਊਦ ਨੇ ਉਸ ਨੂੰ ''ਮੇਰਾ ਪਿਤਾ'' ਨਹੀਂ ਆਖਿਆ (1 ਸਮੂਏਲ 24:11)। ਦਾਊਦ ਨੂੰ ਪਤਾ ਸੀ ਕਿ ਸ਼ਾਊਲ ਨੇ ਉਸ ਦੀ ਪਤਨੀ ਮੀਕਲ ਦਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਹੈ (1 ਸਮੂਏਲ 25:44)। ਇਸ ਕਰਕੇ ਸ਼ਾਊਲ ਹੁਣ ਉਹਦਾ ਸਹੁਰਾ ਨਹੀਂ ਸੀ; ਸ਼ਾਊਲ ਦੇ ਘਰ ਵਿਚ ਦਾਊਦ ਲਈ ਕੋਈ ਥਾਂ ਨਹੀਂ ਸੀ। ਦਾਊਦ ਨੇ ਨਾ ਪਰਤਣ ਦੀ ਹਿੰਮਤ ਕੀਤੀ ਅਤੇ ''ਸੋ ਦਾਊਦ ਆਪਣੇ ਹੀ ਰਾਹ ਤੁਰ ਗਿਆ ਅਤੇ ਸ਼ਾਊਲ ਆਪਣੇ ਥਾਂ ਨੂੰ ਮੁੜ ਪਿਆ'' (26:25)।

ਬਦਲਾ ਲੈਣ ਲਈ ਦਾਊਦ ਵੱਲੋਂ ਸਿੱਖੇ ਗਏ ''ਖ਼ੁਦਾ ਉੱਤੇ ਛੱਡ ਦਿਓ'' ਸਬਕ ਤੋਂ ਵੱਡਾ ਹੋਰ ਕੋਈ ਨਹੀਂ ਹੋ ਸਕਦਾ। ਇਹ ਅਹਿਮ ਸੱਚਾਈ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਦੱਸੀ ਗਈ ਹੈ: ਵਿਵਸਥਾਸਾਰ 32:35, 36; ਇਬਰਾਨੀਆਂ 10:30; ਆਦਿ। ਇਸ ਹਕੀਕਤ ਦਾ ਸਭ ਤੋਂ ਜ਼ਬਰਦਸ਼ਤ ਮੁਜ਼ਾਹਿਰਾ ਮਸੀਹ ਦੀ ਜ਼ਿੰਦਗੀ ਵਿਚ ਮਿਲਦਾ ਹੈ। ਪਤਰਸ ਨੇ ਲਿਖਿਆ:

> ... ਮਸੀਹ ਵੀ ਤੁਹਾਡੇ ਨਮਿੱਤ ਦੁਖ ਝੱਲ ਕੇ ਇਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵੱਲ ਛਲ ਦੀ ਗੱਲ ਨਿੱਕਲੀ। ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਯਥਾਰਥ ਨਿਆਉਂ ਕਰਦਾ ਹੈ (1 ਪਤਰਸ 2:21–23)।

ਮਸੀਹ ਨੇ ''ਪਲਟਾ ਲੈਣਾ ਖ਼ੁਦਾ ਦੇ ਹੱਥ ਵਿਚ ਛੱਡ ਦਿੱਤਾ'' ਅਤੇ ਪਤਰਸ ਨੇ ਕਿਹਾ ਕਿ ਅਜਿਹਾ ਉਸ ਨੇ ਸਾਡੇ ਲਈ ਨਮੂਨਾ ਠਹਿਰਾਉਣ ਲਈ ਕੀਤਾ ਸੀ।

ਪੌਲੁਸ ਨੇ ਰੋਮੀਆਂ 12 ਵਿਚ ਇਹ ਚੁਣੌਤੀ ਦਿੱਤੀ ਹੈ। ਆਇਤ 17 ਵਿਚ ਰਸੂਲ ਆਖਦਾ ਹੈ, ''ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ।'' ਇਹ ਮੈਂ ਨਹੀਂ ਲਿੱਖਿਆ ਹੈ ਜੇ ਮੈਂ ਲਿਖਿਆ ਹੁੰਦਾ ਤਾਂ ਮੈਂ ਕਹਿਣਾ ਸੀ, ''ਜਿੱਥੇ ਤਕ ਹੋ ਸਕੇ ਬੁਰਿਆਈ ਦਾ ਬਦਲਾ ਬੁਰਿਆਈ ਨਾਲ ਨਾ ਦਿਓ'' ਜਾਂ ''*ਬਹੁਤੇ* ਲੋਕਾਂ ਨੂੰ ਬੁਰਿਆਈ ਦਾ ਬਦਲਾ ਬੁਰਿਆਈ ਨਾਲ ਨਾ ਦਿਓ।'' ਪਰ ਪੌਲੁਸ ਨੇ ਕਿਹਾ, ''ਬੁਰਿਆਈ ਦੇ ਵੱਟੇ *ਕਿਸੇ ਨਾਲ* ਬੁਰਿਆਈ ਨਾ ਕਰੋ।'' ਫਿਰ ਪੌਲੁਸ ਨੇ ਅੱਗੇ ਆਖਿਆ ''ਜੇ ਹੋ ਸਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। ਹੇ ਪਿਆਰਿਓ, ਆਪਣਾ ਬਦਲਾ ਨਾ ਲਓ (ਇੱਥੇ ਫੇਰ ਉਹੀ ਸ਼ਬਦ ਆਇਆ) ਪਰ (ਖ਼ੁਦਾ ਦੇ) ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ'' (ਰੋਮੀਆਂ 12:18, 19)। ਧਿਆਨ ਦਿਓ ਕਿ ਵਚਨ ਇਹ ਨਹੀਂ ਕਹਿੰਦਾ ਕਿ ''ਬੁਰਿਆਈ ਦਾ ਬਦਲਾ ਨਹੀਂ ਮਿਲੇਗਾ।'' ਇਨ੍ਹਾਂ ਆਇਤਾਂ ਵਿਚ ਜ਼ੋਰ ਦਿੱਤਾ ਗਿਆ ਹੈ ਜੋ ਲੋਕ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਉਨ੍ਹਾਂ ਨੂੰ ਬਦਲਾ ਮਿਲਣ ਵਾਲਾ ਹੈ ਪਰ ਦੇਣ ਦਾ ਹੱਕ ਸਾਨੂੰ ਨਹੀਂ ਹੈ। ਅਸੀਂ ਇਹ ਕੰਮ ਖ਼ੁਦਾ ਉੱਤੇ ਛੱਡ ਦਈਏ।

## ਮਾਫ਼ ਕਰ ਅਤੇ ਭੁੱਲ ਜਾ (2 ਸਮੂਏਲ 1)

ਆਪਣੇ ਪਾਠ ਨੂੰ ਖ਼ਤਮ ਕਰਦੇ ਹੋਏ, ਆਓ ਥੋੜ੍ਹੀ ਦੇਰ ਲਈ ਉਸ ਸਮੇਂ ਨੂੰ ਜਦ ਦਾਊਦ ਅਤੇ ਉਹਦੇ ਆਦਮੀ ਫ਼ਲਿਸਤੀਆਂ ਵਿਚ ਰਹਿੰਦੇ ਸਨ ਸ਼ਾਊਲ ਨਾਲ ਦਾਊਦ ਦੇ ਸਬੰਧਾਂ ਵਿੱਚੋਂ ਆਖ਼ਰੀ ਨਿਯਮ ਤੇ ਧਿਆਨ ਦੇਣ ਲਈ ਛੱਡ ਦਿੰਦੇ ਹਾਂ। ''ਮਾਫ਼ ਕਰ ਅਤੇ ਭੁੱਲ ਜਾ'' ਕਹਿਣਾ ਜਿੰਨਾ ਅਸਾਨ ਹੈ ਇਸ ਤੇ ਅਮਲ ਕਰਨਾ ਓਨਾ ਹੀ ਔਖਾ ਹੈ।

1 ਸਮੂਏਲ 31 ਵਿਚ ਅਸੀਂ ਸ਼ਾਊਲ ਵੱਲੋਂ ਆਪਣੀ ਤਲਵਾਰ ਤੇ ਡਿੱਗ ਕੇ ਖੁਦਕੁਸ਼ੀ ਕਰਨ ਬਾਰੇ ਪੜ੍ਹਦੇ ਹਾਂ (ਆਇਤ 4)। 2 ਸਮੂਏਲ 1 ਵਿਚ, ਦਾਊਦ ਨੂੰ ਬਾਦਸ਼ਾਹ ਦੀ ਮੌਤ ਦੀ ਖ਼ਬਰ ਮਿਲੀ। ਦਾਊਦ ਲਈ ਅਨੰਦ ਕਰਨ ਅਤੇ ਫ਼ੌਰਨ ਉਸ ਆਦਮੀ ਦੇ ਜਿਹੜਾ ਉਹਦੇ ਖੂਨ ਦਾ ਪਿਆਸਾ ਸੀ, ਤਖਤ ਤੇ ਬੈਠਣ ਦਾ ਸੁਨਹਿਰਾ ਮੌਕਾ ਸੀ। ਇਸ ਦੇ ਉਲਟ ਦਾਊਦ ਨੇ ਉਸ ਲਈ ਸਿਆਪਾ ਕੀਤਾ ਅਤੇ ਉਸ ਦੀ ਸ਼ਾਨ ਵਿਚ ਇਕ ਵੈਣ ਲਿਖਿਆ। ਪਿਛਲੇ ਇਕ ਪਾਠ ਵਿਚ, ਅਸੀਂ ਵੇਖਿਆ ਸੀ ਕਿ ਦਾਊਦ ਦਾ ਆਪਣੇ ਮਿੱਤਰ ਯੋਨਾਥਾਨ ਲਈ ਪ੍ਰੇਮ ਵਿਚ ਇਕ ਵੈਣ ਵਿਚ ਪ੍ਰਗਟਾਉਂਦਾ ਹੈ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਕਵਿਤਾ ਵਿਚ ''ਯਹੋਵਾਹ ਦੇ ਮਸਹ ਕੀਤੇ ਹੋਏ'' ਦੇ ਰੂਪ ਵਿਚ ਸ਼ਾਊਲ ਦਾ ਨਾਮ ਪਹਿਲਾਂ ਹੀ ਮਿਲਦਾ ਹੈ ਅਤੇ ਬਾਦਸ਼ਾਹ ਬਾਰੇ ਹੋਰ ਵੀ ਕਈ ਗੱਲਾਂ ਕਹੀਆਂ ਗਈਆਂ ਹਨ।

> ਦਾਊਦ ਨੇ ਸ਼ਾਊਲ ਅਤੇ ਉਸ ਦੇ ਪੁੱਤਰ ਯੋਨਾਥਾਨ ਉੱਤੇ ਇਹ ਵੈਣ ਪਾ ਕੇ ਸਿਆਪਾ ਕੀਤਾ।[42]
>
> ਹੇ ਇਸਰਾਏਲ, ਤੇਰਾ ਸੁਹੱਪਣ ਤੇਰਿਆਂ ਉੱਚਿਆਂ
> ਥਾਵਾਂ ਉੱਤੇ ਮਾਰਿਆ ਗਿਆ।

ਹਾਏ ਸੂਰਬੀਰ ਕਿੱਕੁਰ ਡਿੱਗ ਪਏ!
ਗਥ ਵਿਚ ਖਬਰ ਨਾ ਦੱਸੋ,
ਅਸ਼ਕਲੋਨ ਦੀਆਂ ਗਲੀਆਂ ਵਿਚ ਨਾ ਡੌਂਡੀ ਫੇਰੋ ...[43]
ਅਜਿਹਾ ਨਾ ਹੋਵੇ ਜੇ ਫ਼ਲਿਸਤੀਆਂ ਦੀਆਂ ਧੀਆਂ
ਅਨੰਦ ਹੋਣ,
ਹੇ ਗਿਲਬੋਆ ਦੇ ਪਹਾੜੋ,[44]
ਤੁਹਾਡੇ ਉੱਤੇ ਨਾ ਤ੍ਰੇਲ
ਨਾ ਮੀਂਹ ਪਵੇ,
ਨਾ ਚੁੱਕਣ ਦੀਆਂ ਭੇਟਾਂ ਦੀਆਂ ਪੈਲੀਆਂ ਹੋਣ,
ਕਿਉਂ ਜੋ ਉੱਥੇ ਸੂਰਮਿਆਂ ਦੀ ਢਾਲ ਪਲੀਤ ਹੋ ਗਈ
ਹਾਂ, ਸ਼ਾਊਲ ਦੀ ਢਾਲ ਭਈ ਜਾਣੋ ਉਹ ਤੇਲ
ਨਾਲ ਮਸਹ ਹੀ ਨਹੀਂ ਕੀਤੀ ਗਈ ਸੀ![45]
ਵੱਢਿਆਂ ਹੋਇਆਂ ਦੇ ਲਹੂ ਤੋਂ ਅਤੇ ਸੂਰਮਿਆਂ ਦੀ ਚਰਬੀ ਤੋਂ,
... ਨਾ ਸ਼ਾਊਲ ਦੀ ਤਲਵਾਰ ਸੱਖਣੀ ਮੁੜੀ।
ਸ਼ਾਊਲ ਅਤੇ ਯੋਨਾਥਾਨ ਆਪਣਿਆਂ ਜੀਵਨਾਂ
ਵਿਚ ਪਿਆਰੇ ਅਰ ਮਨ ਭਾਉਂਦੇ ਸਨ,
ਅਤੇ ਓਹ ਆਪਣੇ ਮਰਨ ਵਿਚ ਵੀ ਵੱਖਰੇ ਨਾ ਹੋਵੇ।
ਓਹ ਉਕਾਬਾਂ ਨਾਲੋਂ ਵੀ ਕਾਹਲੇ ਸਨ,
ਅਤੇ ਬੱਬਰ ਸ਼ੇਰ ਨਾਲੋਂ ਤਕੜੇ ਸਨ,
ਹੇ ਇਸਰਾਏਲ ਦੀਓ ਧੀਓ, ਸ਼ਾਊਲ ਲਈ ਰੋਵੋ,
ਜਿਸ ਨੇ ਤੁਹਾਡਿਆਂ ਕੱਪੜਿਆਂ ਨੂੰ ਸੋਨੇ ਦੇ ਗਹਿਣਿਆਂ ਨਾਲ ਸਜਾਇਆ।[46]
ਹਾਏ! ਉਹ ਸੂਰਮੇ ਕਿੱਕੁਰ ਡਿੱਗ ਪਏ, ਅਤੇ ਜੁੱਧ ਦੇ ਸ਼ਸ਼ਤਰ[47] ਨਸ਼ਟ ਹੋ ਗਏ!
(2 ਸਮੂਏਲ 1:17, 19–24, 27)।

ਜਨਾਜ਼ੇ ਤੇ ਜਾਣ ਵਾਲੇ ਲੋਕ ਕਦੀ ਕਦੀ ਮਰਨ ਵਾਲੇ ਦੀਆਂ ਤਰੀਫ਼ਾਂ ਦੇ ਪੁਲ ਬੰਨ੍ਹਦੇ[48] ਨਹੀਂ ਥੱਕਦੇ ਭਾਵੇਂ ਉਸ ਦਾ ਜੀਵਨ ਕਿਹੋ ਜਿਹਾ ਵੀ ਰਿਹਾ ਹੋਵੇ, ''ਕਿੰਨੇ ਮੱਕਾਰ ਹੁੰਦੇ ਹਨ ਅਜਿਹੇ ਲੋਕ!'' ਕੀ ਦਾਊਦ ਵੀ ਸ਼ਾਊਲ ਦੀ ਸਿਫ਼ਤ ਕਰਕੇ ਝੂਠ ਮਾਰ ਰਿਹਾ ਸੀ ਜਾਂ ਕਪਟ ਬੋਲ ਰਿਹਾ ਸੀ? ਨਹੀਂ, ਦਾਊਦ ਨੇ ਸ਼ਾਊਲ ਦੇ ਬਾਰੇ ਜੋ ਕੁਝ ਵੀ ਕਿਹਾ, ਉਹ ਸਹੀ ਸੀ। ਦਾਊਦ ਨੇ ਉਸ ਦੀਆਂ ਬੁਰੀਆਂ ਗੱਲਾਂ ਦੀ ਬਜਾਇ ਸਿਰਫ਼ ਚੰਗੀਆਂ ਗੱਲਾਂ ਨੂੰ ਹੀ ਯਾਦ ਫਰਮਾਇਆ। ਦਾਊਦ ਲਾਪਰਵਾਹ ਨਹੀਂ ਸੀ। ਬਲਕਿ ਉਹ ਉਸ ਬਦਲ ਦੀ ਵਰਤੋਂ ਕਰ ਰਿਹਾ ਸੀ ਜੋ ਸਾਨੂੰ ਕਰਨਾ ਚਾਹੀਦਾ ਹੈ, ''ਮਾਫ਼ ਕਰ ਅਤੇ ਭੁੱਲ ਜਾ।''

ਦੁਨੀਆਂ ਨੇ ''ਬਦਲਾ ਲੈਣਾਂ ਚੰਗਾ ਲਗਦਾ ਹੈ''[49] ਵਾਲੇ ਵਿਲਿਅਮ ਪੈਂਟਰ ਦੇ ਨਿਚੋੜ ਨੂੰ ਮੰਨ ਲਿਆ ਹੈ। ਪਰ ਬਦਲਾ ਲੈਣ ਤੋਂ ਵੀ ਵਧੀਆ ਕੁਝ ਹੋਰ ਹੈ ਅਤੇ ਉਹ ਸੱਟ ਅਤੇ ਤਕਲੀਫ਼ ਤੋ ਉੱਪਰ ਉੱਠ ਕੇ, ਮਾਫ਼ ਕਰਨਾ ... ਯਿਸੂ ਵਰਗੇ ਬਣਕੇ, ਜਿਸਨੇ ਦੁਆ ਕੀਤੀ ਸੀ, ''ਹੇ ਪਿਤਾ ਇਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ'' (ਲੂਕਾ 23:34) ... ਮਾਫ਼ ਕਰਨਾ ਹੈ ਤਾਂ ਜੋ ਸਾਨੂੰ ਵੀ ਮਾਫ਼ ਕੀਤਾ ਜਾਵੇ (ਮੱਤੀ 6:14, 15)।

ਇਹ ਸੁਝਾਅ ਦਿੰਦੀਆਂ ਮੈਂ ਇਕ ਬੜੀ ਪੁਰਾਣੀ ਕਹਾਵਤ ''ਨੇਕੀ ਕਰ ਅਤੇ ਦਰਿਆ ਵਿਚ ਸੁੱਟ'' ਦੀ ਵਰਤੋਂ ਕਰ ਰਿਹਾ ਹਾਂ। ਸਾਡੇ ਵਿੱਚੋਂ ਕੋਈ ਵੀ ਅਜਿਹਾ ਨਹੀਂ ਹੈ ਜਿਹੜਾ ਆਪਣੇ ਦਿਮਾਗ਼ ਵਿੱਚੋਂ ਪੂਰੀ ਤਰ੍ਹਾਂ ਕਿਸੇ ਦੇ ਦਿੱਤੇ ਹੋਏ ਜ਼ਖ਼ਮ ਨੂੰ ਕੱਢ ਦੇਵੇ। ਪਰ ਅਸੀਂ ਖ਼ੁਦਾ ਵਾਂਗ ''ਭੁੱਲ'' ਸਕਦੇ ਹਾਂ।[50] ਭਾਵ ਅਸੀਂ ਮਾਫ਼ ਕੀਤੇ ਜਾਣ ਵਾਲੇ ਦੇ ਖਿਲਾਫ਼ ਕੋਈ ਕਾਰਵਾਹੀ ਨਾ ਕਰਦਿਆਂ ਅਤੇ ਅਜਿਹਾ ਕਰਦੇ ਰਹਿ ਕੇ, ਕਰ ਸਕਦੇ ਹਾਂ। ਸ਼ਾਊਲ ਉੱਤੇ ਵੈਣ ਪਾ ਕੇ ਦਾਊਦ ਇਹੀ ਤਾਂ ਕਰ ਰਿਹਾ ਸੀ।

ਹੋਪ ਕਿੰਗ ਵਿੱਲੇ, ਟੈਨੀਸੀ ਵਿਚ ਲਿਟਲ ਰਿਵਰ ਚਰਚ ਆਫ਼ ਕ੍ਰਾਈਸਟ ਦੇ ਮੈਂਬਰ ਫ਼ੈਂਕ ਅਤੇ ਇਲਿਜ਼ਬਥ ਮੌਰਿਸ ਨੇ ਮਾਫ਼ ਕਰਨ ਨੂੰ ਬੜੀ ਮੁਸ਼ਕਿਲ ਨਾਲ ਪਾਇਆ। 1982 ਵਾਲੇ ਕ੍ਰਿਸਮਸ ਤੋਂ ਥੋੜਾ ਪਹਿਲਾਂ ਉਨ੍ਹਾਂ ਦੇ ਇਕਲੌਤੇ ਪੁੱਤਰ ਟੈਡ ਨੂੰ ਜਿਹੜਾ ਡੇਵਿਡ ਲਿਪਸ ਕੌਮ ਕਾਲੇਜ ਦਾ ਵਿਦਿਆਰਥੀ ਸੀ, ਇਕ ਸ਼ਰਾਬੀ ਡਰਾਈਵਰ ਨੇ ਮਾਰ ਦਿੱਤਾ ਸੀ। ਬੁਰੀ ਤਰ੍ਹਾਂ ਨਾਲ ਟੁੱਟ ਚੁੱਕੇ ਮੌਰਿਸ ਪਰਿਵਾਰ ਨੇ ਆਪਣੇ ਬੇਟੇ ਦੇ ਕਾਤਲ, ਟੋਮੀ ਟਿਗੇਜ ਨੂੰ ਮੌਤ ਦੀ ਸਜ਼ਾ ਦੇਣ ਦੀ ਇੱਛਾ ਨਾਲ ਬਦਲਾ ਲੈਣਾ ਚਾਹਿਆ। ਪਰ ਉਸ ਕਾਤਲ ਉੱਤੇ ਇਲਜ਼ਾਮ ਬਦਲ ਜਾਣ ਕਰਕੇ ਉਸ ਦੀ ਸਜ਼ਾ ਘੱਟ ਹੋ ਗਈ। ਮੌਰਿਸ ਪਰਿਵਾਰ ਨਫ਼ਰਤ ਕਰਕੇ ਅੰਦਰ ਹੀ ਅੰਦਰ ਦੁਖੀ ਸੀ। ਉਨ੍ਹਾਂ ਦੀ ਮੁਸ਼ਕਿਲ ਇਹ ਸੀ ਕਿ ਉਨ੍ਹਾਂ ਨੂੰ ਲੱਗਾ ਕਿ ਬਦਲਾ ਲੈਣ ਦੀ ਉਨ੍ਹਾਂ ਦੀ ਪਿਆਸ ਬਾਈਬਲ ਦੀ ਸਿੱਖਿਆ ਦੇ ਉਲਟ ਹੈ। ਉਨ੍ਹਾਂ ਨੂੰ ਆਪਣੇ ਆਪ ਉੱਤੇ ਗੁੱਸਾ ਹੀ ਨਹੀਂ ਸਗੋਂ ਸ਼ਰਮ ਵੀ ਆਈ।

*ਰਿਵੈਂਜਡ ਰਿਡੀਮਡ* ਨਾਮਕ ਧਿਆਨ ਖਿੱਚਣ ਵਾਲੀ ਕਿਤਾਬ ਉਨ੍ਹਾਂ ਦੀਆਂ ਭਾਵਨਾਵਾਂ ਬਾਰੇ ਹੀ ਹੈ।[51] ਇਹ ਕਿਤਾਬ ਦੱਸਦੀ ਹੈ ਕਿ ਕਿਵੇਂ ਫ਼੍ਰੈਂਕ ਅਤੇ ਇਲਿਜ਼ਬਤ ਦੀ ਨਫ਼ਰਤ ਪਿਆਰ ਵਿਚ ਬਦਲ ਗਈ ਕਿਵੇਂ ਉਨ੍ਹਾਂ ਨੇ ਟੋਮੀ ਟਿਗੇਜ ਨੂੰ ਮਾਫ਼ ਕਰਨਾ ਸਿੱਖਿਆ ਅਤੇ ਕਲੀਸੀਆ ਦੇ ਮੈਂਬਰ ਬਣ ਗਏ। ਕਿਤਾਬ ਦੇ ਪਿੱਛਲੇ ਪਾਸੇ ਫ਼੍ਰੈਂਕ ਅਤੇ ਇਲਿਜ਼ਬਥ ਦੀ ਟੋਮੀ ਟਿਗੇਜ ਨਾਲ ਤਸਵੀਰ ਵੀ ਹੈ।

ਜੇ ਅਜਿਹਾ ਦਾਊਦ ਨੇ ਕੀਤਾ, ਜੇ ਮੌਰਿਸ ਪਰਿਵਾਰ ਨੇ ਕੀਤਾ, ਤਾਂ ਅਸੀਂ ਵੀ ਮਾਫ਼ ਕਰ ਸਕਦੇ ਹਾਂ। ਖ਼ੁਦਾ ਸਾਨੂੰ ਸਭ ਨੂੰ ''ਨੇਕੀ ਕਰ ਅਤੇ ਦਰਿਆ ਵਿਚ ਸੁਟ'' ਦੀ ਗੱਲ ਪੂਰੀ ਕਰਨ ਲਈ ਮਦਦ ਕਰੇ।

## ਸਾਰ

ਕੁਝ ਲੋਕਾਂ ਨੇ ਧਿਆਨ ਦਿੱਤਾ ਹੋਵੇਗਾ ਕਿ ਮੈਂ ਬਦਲਾ ਲੈਣ ਤੇ ਵਿਚਾਰਾਂ ਲਈ ਆਪਣੇ ਚਾਰ ਸੁਝਾਵਾਂ ਵਿਚ ਘਸੀਆਂ ਪੁਰਾਣੀਆਂ ਗੱਲਾਂ ''ਵਸੀਲੇ ਉੱਤੇ ਧਿਆਨ ਦਿਓ,'' ''ਹਿਸਾਬ ਲਗਾਓ,'' ਖ਼ੁਦਾ ਉੱਤੇ ਛੱਡ ਦਿਓ, ''ਮਾਫ਼ ਕਰ ਅਤੇ ਭੁੱਲ ਜਾ'' ਦੀ ਵਰਤੋਂ ਕੀਤੀ ਹੈ। ਠੱਪਾ ਬਦਨਾਮ ਹੈ; ਨਵੇਂ ਨਵੇਂ ਲੇਖਕਾਂ ਨੂੰ ਬਾਰ ਬਾਰ ਚਿਤਾਵਨੀ ਦਿੱਤੀ ਜਾਂਦੀ ਹੈ, ''ਕਿਸੇ ਵਰਗਾ ਬਣਨ ਦੀ ਕੋਸ਼ਿਸ਼ ਨਾ ਕਰੋ। ਆਪਣੀ ਵੱਖਰੀ ਪਛਾਣ ਬਣਾਓ।'' ਕਿਸੇ ਦਾ ਠੱਪਾ ਲਾਉਣ ਬਾਰੇ ਜਿਹੜੀ ਗੱਲ ਅਸੀਂ ਭੁੱਲ ਜਾਂਦੇ ਹਾਂ ਉਹ ਕਿਸੇ ਵਰਗਾ ਬਣਨਾ ਹੀ ਹੈ ਕਿਉਂਕਿ ਉਨ੍ਹਾਂ ਤੋਂ ਬਹੁਤ ਹੱਦ ਤਕ ਪਤਾ ਲਗਦਾ ਹੈ ਕਿ ਅਸੀਂ ਕੀ ਕਹਿਣਾ ਚਾਹੁੰਦੇ ਹਾਂ। ਮੇਰੇ ਦਿੱਤੇ ਚਾਰ ਸੁਝਾਅ ਠੱਪੇ ਜਾਂ ਨਕਲ ਹੋ ਸਕਦੇ ਹਨ, ਪਰ ਇਨ੍ਹਾਂ ਤੋਂ ਬਾਈਬਲ ਦੀਆਂ ਉਨ੍ਹਾਂ ਮਹਾਨ ਸੱਚਾਈਆਂ ਦਾ ਪਤਾ ਲਗਦਾ ਹੈ। ਉਨ੍ਹਾਂ ਸੱਚਾਈਆਂ ਨੂੰ ਜਿਨ੍ਹਾਂ ਦੇ ਮੁਤਾਬਕ ਅਸੀਂ ਮਨ ਦੀ ਸ਼ਾਂਤੀ ਅਤੇ ਮਰਨ ਦੇ

ਬਾਅਦ ਸੁਰਗ ਵਿਚ ਜਾਣ ਦੀ ਇੱਛਾ ਰੱਖਦੇ ਹਾਂ, ਜੀਣਾ ਸਾਡੇ ਲਈ ਜ਼ਰੂਰੀ ਹੈ।

ਆਓ ਇਸ ਸਰਮਨ ਨੂੰ ਹੋਰ ਸੰਭਵ ਨਿੱਜੀ ਅਤੇ ਵਿਹਾਰਕ ਬਣਾਈਏ। ਕੀ ਅਜੇ ਵੀ ਤੁਹਾਡੇ ਕੋਲ ਬਦਲਾ ਲੈਣ ਵਾਲਾ ਉਹ ਚਮਕੀਲਾ ਡੱਬਾ ਹੈ ਜਿਸ ਦਾ ਜ਼ਿਕਰ ਅਸੀਂ ਪਾਠ ਦੇ ਸ਼ੁਰੂ ਵਿਚ ਕੀਤਾ ਸੀ? ਜੇ ਹੈ ਤਾਂ ਬਟਨ ਉੱਤੋਂ ਆਪਣਾ ਹੱਥ ਚੁੱਕ ਲਵੋ: ਕੀ ਕਿਸੇ ਲਈ ਜਿਸ ਨੇ ਬੀਤੇ ਵਿਚ ਤੁਹਾਨੂੰ ਨੁਕਸਾਨ ਪਹੁੰਚਾਇਆ ਹੋਵੇ, ਤੁਹਾਡੇ ਮਨ ਵਿਚ ਕੜਵਾਹਟ ਹੈ? ਸਮਝ ਲਵੋ ਕਿ ਜਦ ਤਕ ਉਹ ਕੜਵਾਹਟ ਰਹੇਗੀ ਤਦ ਤਕ ਉਹ ਸ਼ਖ਼ਸ ਜਿਸ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ, ਤੁਹਾਡੀ ਜ਼ਿੰਦਗੀ ਅਤੇ ਜਜ਼ਬਾਤਾਂ ਉੱਤੇ ਕਾਬਜ਼ ਰਹੇਗਾ। ਤੁਹਾਡੀ ਨਫ਼ਰਤ ਨਾਲ ਉਸ ਨੂੰ ਕੁਝ ਫ਼ਰਕ ਨਹੀਂ ਪੈਂਦਾ ਪਰ ਤੁਹਾਨੂੰ ਜ਼ਰੂਰ ਪਵੇਗਾ। ''ਵਸੀਲੇ ਉੱਤੇ ਵਿਚਾਰ'' ਕਰਕੇ ਅਤੇ ਉਸ ਉਤਲੇ ਬੇਹਿਸਾਬ ਖ਼ਰਚ ਦਾ ਹਿਸਾਬ ਲਾ ਕੇ ਇਸ ਨੂੰ ਆਪਣੇ ਮਨ ਵਿੱਚੋਂ ਕਢ ਦਿਓ। ਸਭ ਕੁਝ ਪ੍ਰਭੂ ਦੇ ਹੱਥ ਵਿਚ ਦੇਣ ਦਾ ਇਰਾਦਾ ਕਰ ਲਓ ਤਾਂ ਜੋ ਖ਼ੁਦਾ ਆਪਣੇ ਸਮੇਂ ਉੱਤੇ ਅਤੇ ਆਪਣੀ ਥਾਂ ਸਭ ਕੁਝ ਠੀਕ ਕਰ ਦੇਵੇ। ਆਪਣੇ ਵੱਲੋਂ, ਕੜਵਾਹਟ ਦੇ ਬੋਝ ਨੂੰ ਲਾਹ ਸੁੱਟਣ ਭਾਵ ਨੇਕੀ ਕਰਕੇ ਦਰਿਆ ਵਿਚ ਸੁੱਟਣ ਲਈ ਨਰਮ ਸੁਭਾਵ ਵਾਲੇ ਬਣਨਾ ਸਿੱਖੋ।

---

## ਸਰਮਨ ਅਤੇ ਵਿਜ਼ੁਅਲ ਏਡ ਨੋਟਸ

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਪਤਾ ਹੀ ਨਹੀਂ ਹੈ ਕਿ ਬਦਸਲੂਕੀ ਦਾ ਮੁਕਾਬਲਾ ਕਿਵੇਂ ਕਰਨਾ ਚਾਹੀਦਾ ਹੈ ਕਿਉਂਕਿ ਸਾਨੂੰ ਉਸ ਨਾਲ ਵਿਹਾਰ ਕਰਨਾ *ਸਿਖਾਇਆ* ਨਹੀਂ ਗਿਆ। ਮਾਤਾ ਪਿਤਾ ਦੇ ਰੂਪ ਵਿਚ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਨੁਕਸਾਨ ਹੋਣ ਤੇ ਪ੍ਰਤਿਕ੍ਰਿਆ ਸਿਖਾਈਏ। ਇਹ ਸਰਮਨ ਇਸੇ ਦਿਸ਼ਾ ਵਿਚ ਹੋ ਸਕਦਾ ਹੈ ਕਿ ''ਬਦਲਾ ਲੈਣ ਬਾਰੇ ਆਪਣੇ ਬੱਚਿਆਂ ਨੂੰ ਕੀ ਸਿਖਾਈਏ।''

ਅਬੀਗੈਲ ਦਾ ਵਿਹਾਰ ਇਨ੍ਹਾਂ ਅਧਿਆਵਾਂ ਦੀਆਂ ਮੁੱਖ ਗੱਲਾਂ ਵਿੱਚੋਂ ਇਕ ਹੈ। ਉਹਦੇ ਵਿਹਾਰ ਉੱਤੇ ਲਾਹੇਵੰਦ ਸਰਮਨ ਦਿੱਤਾ ਜਾ ਸਕਦਾ ਹੈ।

ਸ਼ਾਊਲ ਦੀ ਗੱਲ ''ਮੈਂ ਮੂਰਖਤਾ ਕੀਤੀ'' (1 ਸਮੂਏਲ 26:21) ਉਸ ਦੀ ਜ਼ਿੰਦਗੀ ਦੀ ਸਹੀ ਤਸਵੀਰ ਹੈ। ''ਆਪੇ ਬਣਿਆ ਮੂਰਖ'' ਉੱਤੇ ਕਿੰਨੇ ਹੀ ਵਧੀਆ ਵਧੀਆ ਸੰਦੇਸ਼ ਦਿੱਤੇ ਗਏ ਹਨ।

ਜ਼ਬੂਰ 7 ਨੂੰ ਅਧਿਆਇ 24 ਅਤੇ 26 ਦੇ ਦਾਊਦ ਦੇ ਸੰਦੇਸ਼ਾ ਨਾਲ ਜੋੜਿਆ ਜਾ ਸਕਦਾ ਹੈ। ਹੋਰ ਬਹੁਤ ਸਾਰੇ ਜ਼ਬੂਰ ਦਾਊਦ ਦੇ ਵੈਰੀਆਂ ਬਾਰੇ ਹੀ ਹਨ। ਉਨ੍ਹਾਂ ਵਿੱਚੋਂ ਇਕ ਖ਼ਾਸ ਤੌਰ ਤੇ ਜ਼ਬਰਦਸਤ ਜ਼ਬੂਰ 22 ਹੈ।

**ਵਿਜ਼ੁਅਲ ਏਡ ਨੋਟਸ**: ਜਾਣ ਪਛਾਣ ਅਤੇ ਡੱਬੇ ਉੱਤੇ ਲਾਲ ਬਟਨ ਲਾ ਕੇ ਵਰਤਿਆ ਜਾ ਸਕਦਾ ਹੈ।

ਟਿੱਪਣੀਆਂ

[1]ਅਮਰੀਕੀ ਲੋਕ ਹਰ ਸਾਲ ਤਕਰੀਬਨ ਨੌਂ ਕਰੋੜ ਮੁਕੱਦਮੇ ਦਾਇਰ ਕਰਦੇ ਹਨ। ਖ਼ਬਰਾਂ ਦੇ ਇਕ ਵਾਚਕ ਨੇ ਹਾਲ ਹੀ ਵਿਚ ''ਮੁਕੱਦਮਿਆਂ ਨਾਲ ਅਮਰੀਕਾ ਦਾ ਇਸ਼ਕ'' ਤੇ ਗੱਲ ਕੀਤੀ। [2]ਪਰ ਜਦ ਮੈਂ ਆਖਦਾ ਹਾਂ, ''ਵਸੀਲੇ ਉੱਤੇ ਧਿਆਨ ਦਿਓ'' ਤਾਂ ਮੇਰੇ ਦਿਮਾਗ਼ ਵਿਚ ਸ਼ਾਊਲ ਦੀ ਦਿਮਾਗ਼ੀ ਹਾਲਤ ਨਾਲੋਂ ਕਿਤੇ ਵੱਧ ਗੱਲ ਹੁੰਦੀ ਹੈ, ਜਿਵੇਂ ਕਿ ਅਸੀਂ ਅੱਗੇ ਵੇਖਾਂਗੇ। [3]ਸ਼ਾਊਲ ਨੂੰ ਦਾਊਦ ਅਤੇ ਉਸ ਦੇ ਸਾਥੀ ਨਜ਼ਰ ਕਿਉਂ ਨਹੀਂ ਆਏ? ਪਹਿਲੀ ਗੱਲ ਤਾਂ ਇਹ ਕਿ ਹਨੇਰੇ ਵਿਚ ਨਜ਼ਰ ਟਿਕਾਉਣ ਲਈ ਕੁਝ ਸਮਾਂ ਲੱਗਾ ਹੋਵੇਗਾ। ਦੂਜੀ, ਦਾਊਦ ਅਤੇ ਛੇ ਸੌ ਹੋਰ ਲੋਕ ਦੂਰ ਗੁਫ਼ਾ ਵਿਚ (''ਗੁਫ਼ਾ ਦੀਆਂ ਨੁੱਕਰਾਂ ਵਿਚ'') ਸਨ ਅਤੇ ਸੰਭਵ ਤੌਰ ਤੇ ਚੱਟਾਨ ਦੀਆਂ ਨੁੱਕਰਾਂ ਦੇ ਪਿੱਛੇ ਲੁਕੇ ਹੋਏ ਸਨ। [4]ਇਕ ਹੋਰ ਉਦਾਹਰਣ ਉੱਤੇ ਧਿਆਨ ਦਿਓ: ਸਰਕਾਰੀ ਕਰਮਚਾਰੀਆਂ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਆਦਮੀ ਨੂੰ ਨਹੀਂ ਉਹਦੇ ਰੁਤਬੇ ਨੂੰ ਸਲਾਮ ਕਰਨ। [5]NASB ਵਿਚ ਟਿੱਪਣੀ ਵੇਖੋ। [6]ਇਸ ਆਇਤ ਉੱਤੇ ਟਿੱਪਣੀ ਵੇਖੋ: ''ਕਈ ਲਿਖਤਾਂ ਵਿਚ ਇੱਥੇ ਜੋੜਿਆ ਗਿਆ ਹੈ: *ਤੇਰੇ ਖਿਲਾਫ਼।''* ਵੇਖੋ KJV ਅਤੇ ਹੋਰ ਅਨੁਵਾਦ ਜੋ ਇਸ ਵਾਕ ਅੰਸ਼ ਨੂੰ ਜੋੜਦੇ ਹਨ। [7]ਯਿਸੂ ਨੇ ਅਜਿਹਾ ''ਨਿਰਾਲੇ ਵਿਚ'' ਕਰਨ ਲਈ ਨਹੀਂ ਆਖਿਆ ਸੀ, ਪਰ ਮੈਂ ਇਨ੍ਹਾਂ ਸ਼ਬਦਾਂ ਨੂੰ ਛੱਡ ਦਿੱਤਾ ਕਿਉਂਕਿ ਦਾਊਦ ਦੇ ਹਾਲਾਤ ਵਿਚ ਇਹ ਲਾਗੂ ਨਹੀਂ ਹੁੰਦੇ। ਅਜਿਹਾ ਕੋਈ ਢੰਗ ਨਹੀਂ ਸੀ ਕਿ ਦਾਊਦ ਆਪਣੀ ਜਾਨ ਜੋਖਮ ਵਿਚ ਪਾਏ ਬਗੈਰ ਸ਼ਾਊਲ ਨਾਲ ''ਇਕੱਲਿਆਂ'' ਜਾ ਕੇ ਗੱਲ ਕਰ ਸਕਦਾ। [8]ਦਾਊਦ ਨੇ ਇਸ ਥਾਂ ਉੱਤੇ ਇਸ ਵਕਤ ਸ਼ਾਊਲ ਦਾ ਸਾਹਮਣਾ ਕਰਨ ਵਿਚ ਜੋਖ਼ਮ ਵੇਖਿਆ। ਸ਼ਾਊਲ ਅਤੇ ਉਸ ਦੀ ਫ਼ੌਜ ਉਸ ਤੋਂ ਕੁਝ ਹੀ ਫ਼ਾਸਲੇ ਤੇ ਸੀ। ਜੇ ਦਾਊਦ ਨਾਕਾਮ ਹੋ ਜਾਂਦਾ ਤਾਂ ਉਸ ਨੂੰ ਅਤੇ ਉਸ ਦੇ ਆਦਮੀਆਂ ਨੂੰ ਛੇਤੀ ਹੀ ਆਪਣੀ ਜਾਨ ਬਚਾਉਣ ਲਈ ਲੜਨਾ ਪੈਂਦਾ। ਸਾਹਮਣਾ ਕਰਨ ਵਿਚ ਇਹੀ ਜੋਖ਼ਮ ਹੁੰਦਾ ਹੈ। [9]ਇਹ ਇਸ ਤੱਥ ਲਈ ਸਨਮਾਨ ਵਿਖਾਉਣ ਲਈ ਹੋ ਸਕਦਾ ਹੈ ਕਿ ਸ਼ਾਊਲ ਉਮਰ ਵਿਚ ਵੱਡਾ ਸੀ, ਬਾਦਸ਼ਾਹ ਹੋਣ ਕਰਕੇ ਕੌਮੀ ਜਾਂ ਰਹਿਨੁਮਾ ਸੀ ਅਤੇ/ਜਾਂ ਸ਼ਾਊਲ ਉਸ ਦਾ ਸਹੁਰਾ ਸੀ। [10]ਕਿਸੇ ਦੀ ਜ਼ਿੰਦਗੀ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਲਿਖਣਾ ਥਕਾ ਦੇਣ ਵਾਲਾ ਅਤੇ ਉਕਤਾ ਦੇਣ ਵਾਲਾ ਕੰਮ ਹੋਵੇਗਾ।

[11]ਇਹ ਕਰਮੇਲ ਮਾਓਨ ਦੇ ਨੇੜੇ ਯਹੂਦਾ ਵਿਚ ਸੀ। ਇਹ ਉਹ ਕਰਮੇਲ ਪਹਾੜ ਨਹੀਂ ਹੈ ਜਿਹੜਾ ਦੇਸ਼ ਦੇ ਉੱਤਰ ਵਿਚ ਸਮੁੰਦਰ ਕੰਢੇ ਹੈ। [12]ਇਬਰਾਨੀ ਸ਼ਬਦ ਦੇ ਅਨੁਵਾਦ ''ਬੜਾ'' ਦਾ ਮੂਲ ਅਰਥ ''ਭਾਰਾ'' ਹੈ। ਅਮਰੀਕਾ ਵਿਚ ਅਸੀਂ ਆਖਾਂਗੇ ਕਿ ਨਾਬਾਲ ''ਲੱਦਿਆ ਹੋਇਆ'' ਹੈ। [13]ਲਿਖਤ ਵਿਚ ''ਉਹ ਕਾਲੇਬ ਵੰਸ਼ੀ ਸੀ'' ਵੀ ਹੈ। ਇਹ ਇਸ ਗੱਲ ਵੱਲ ਧਿਆਨ ਦੁਆਉਂਦਾ ਹੈ ਕਿ ਉਹ ਕਾਲੇਬ ਦੀ ਸੰਤਾਨ ਵਿੱਚੋਂ ਸੀ, ਜੋ ਯਹੋਸ਼ੁਆ ਨਾਲ ਇਕ ਵਫ਼ਾਦਾਰ ਸਾਥੀ ਸੀ, ਜਾਂ (ਕਿਉਂਕਿ ਬਾਕੀ ਵੇਰਵਾ ਅਨਾਦਰ ਭਰਿਆ ਹੈ) ਅਪਮਾਨਜਨਕ ਸ਼ਬਦ ਇਸਦਾ ਅਰਥ ਹੋ ਸਕਦਾ ਹੈ ਕਿ ਉਹ ''ਕੁੱਤੇ ਵਰਗਾ'' (''ਕਾਲੇਬ'' ਦਾ ਮੂਲ ਅਰਥ) ਸੀ। [14]ਮੂਲ ਵਿਚ ''ਬਲਿਆਲ ਦਾ ਪੁੱਤਰ'' ਹੈ ਜਿਸ ਤੋਂ ਭਾਵ ਹੈ ''ਵਿਅਰਥ ਦਾ ਪੁੱਤਰ।'' [15]ਅਜੀਬ ਗੱਲਾਂ ਹੋਈਆਂ ਹਨ। ਬੱਚਿਆਂ ਦੇ ਕਈ ਵਾਰ ਨਾਂਅ ਰੱਖੇ ਗਏ ਹਨ ਕਿਉਂਕਿ ਇਹ ਮਾਂ ਪਿਓ ਨੂੰ ਚੰਗਾ ਲਗਦਾ ਸੀ, ਇਹ ਖ਼ਿਆਲ ਕੀਤੇ ਬਗ਼ੈਰ ਕਿ ਉਨ੍ਹਾਂ ਨਾਂਵਾਂ ਦਾ ਕੀ ਅਰਥ ਹੈ। [16]ਬਾਕੀ ਦੀਆਂ ਤਿੰਨ ਤਾਰਾਹ, ਬਥਸ਼ਬਾ ਅਤੇ ਵਸ਼ਤੀ ਹਨ। [17]KJV ਦਾ ਅਨੁਵਾਦ ਸਹੀ ਹੈ, ਪਰ ''ਪੁਰਖ'' ਨੂੰ ਤਰਜੀਹ ਦਿੱਤੀ ਜਾਂਦੀ ਹੈ। [18]ਸ਼ਾਊਲ ਅਤੇ ਤਰਕਹੀਣ, ਸੁਆਰਥੀ ਨਾਬਾਲ ਵਿਚ ਕਈ ਗੱਲਾਂ ਸਾਂਝੀਆਂ ਦੱਸੀਆਂ ਜਾ ਸਕਦੀਆਂ ਹਨ। ਯਾਦ ਰੱਖੋ ਕਿ ''ਨਾਬਾਲ'' ਦਾ ਅਰਥ ਮੂਰਖ ਹੈ ਅਤੇ ਅਗਲੇ ਅਧਿਆਇ ਵਿਚ ਸ਼ਾਊਲ ਨੇ ਆਪਣੇ ਆਪ ਨੂੰ ਇਹੀ ਕਿਹਾ ਸੀ (1 ਸਮੂਏਲ 26:21)। [19]ਇਹ ਦਾਊਦ ਅਤੇ ਉਸ ਦੇ ਲੋਕਾਂ ਦੀ ਹੌਂਸਲਾ ਅਫ਼ਜ਼ਾਈ ਲਈ ਇਕ ਪਾਸੇ ਖੜੀ ਹੋ ਗਈ ਹੋਵੇਗੀ। [20]ਲਿਖਤ ਟਿੱਪਣੀ ਕਰਦੀ ਹੈ, ''ਉਸ ਨੇ ਆਪਣੇ ਭਰਤੇ ... ਨੂੰ ਨਾ ਦੱਸਿਆ'' (1 ਸਮੂਏਲ 25:19)। ਕੀ ਉਹ ਅਧੀਨ ਹੋਣ ਵਿਚ ਨਾਕਾਮ ਸੀ? ਉਹ ਨਾਬਾਲ ਦੀ ਜਾਨ ਬਚਾਉਣ ਜਾ ਰਹੀ ਸੀ, ਇਸ ਕਰਕੇ ਮੈਨੂੰ ਸ਼ੱਕ ਹੈ ਕਿ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਉਸ ਉੱਤੇ ਇਲਜ਼ਾਮ ਲਾਉਣਗੇ। ਕਈ ਵਾਰ ਮੇਰੀ ਪਤਨੀ ਨੇ ਮੈਥੋਂ ਸਲਾਹ ਲਏ ਬਗ਼ੈਰ ਮੇਰਾ ਬਚਾਅ ਕੀਤਾ ਹੈ ਅਤੇ ਮੈਂ ਇਹਦੇ ਲਈ ਉਸ ਦੀ ਤਾਰੀਫ਼ ਕੀਤੀ ਹੈ।

[21]ਸਵਿੰਡਲ ਨੇ ''ਵ੍ਹੱਟ ਟੂ ਫੀਡ ਐਨ ਐਂਗਰੀ ਮੈਨ'' (ਪੰਨਾ ਰਹਿਤ, ਮਿਤੀ ਰਹਿਤ), ਸਾਊਂਡ ਕੈਸੇਟ ਵਿਚ ਖ਼ਾਸ ਤੌਰ ਤੇ ਜੋੜਿਆ ਹੈ, ਹੱਥਾਂ ਵਿਚ ''ਗਮਲਾ ਫੜੀ!'' [22]1 ਸਮੂਏਲ 25:29 ਵਿਚ ਅਬੀਗੈਲ ਦੀ ਇਹ ਟਿੱਪਣੀ ਖ਼ਾਸ ਤੌਰ ਤੇ ਇਹ ਕਹਿਣ ਦਾ ਅਨੋਖਾ ਢੰਗ ਹੈ ਕਿ ''ਖ਼ੁਦਾ ਤੇਰੀ ਜਾਨ ਸੁਰੱਖਿਅਤ ਰੱਖੇਗਾ ਅਤੇ ਤੇਰੇ ਵੈਰੀਆਂ ਦੀ ਜਾਨ ਲੈ ਲਵੇਗਾ।'' [23]ਅਬੀਗੈਲ ਨੂੰ ਕਿਵੇਂ ਪਤਾ ਲੱਗਾ ਕਿ ਦਾਊਦ ਹੀ ਅਗਲਾ ਬਾਦਸ਼ਾਹ ਬਣਨ ਵਾਲਾ ਹੈ। ਸ਼ਾਇਦ ਉਸ ਨੇ ''ਦਾਊਦ ਨੇ ਲੱਖਾਂ ਨੂੰ ਮਾਰਿਆ'' ਵਾਲਾ ਗੀਤ ਸੁਣਿਆ ਸੀ ਅਤੇ ਇਹ ਮੰਨ ਲਿਆ ਸੀ

ਕਿ ਬਾਦਸ਼ਾਹ ਬਣਨ ਲਈ ਉਹੀ ਤਰਕਸੰਗਤ ਪਸੰਦ ਹੈ। ਸ਼ਾਇਦ ਸ਼ਾਊਲ ਵੱਲੋਂ ਕਹੀ ਗਈ ਗੱਲ (1 ਸਮੂਏਲ 24:20) ਪੂਰੇ ਇਲਾਕੇ ਵਿਚ ਫੈਲ ਗਈ ਸੀ। ਕੁਝ ਲੋਕ ਮੰਨਦੇ ਹਨ ਕਿ ਉਸ ਦੇ ਬੋਲ ਖ਼ੁਦਾ ਦੀ ਪ੍ਰੇਰਣਾ ਤੋਂ ਸਨ। [24]ਵੇਖੋ ਯਾਕੂਬ 3:17. ਅਬੀਗੈਲ ਆਪਣੇ ਪਤੀ ਨਾਲ ਗੱਲ ਨਹੀਂ ਕਰ ਸਕੀ ਸੀ ਪਰ ਉਸ ਨੇ ਦਾਊਦ ਨਾਲ ਗੱਲ ਕੀਤੀ। [25]ਰਿਕ ਐਚਲੇ ਨੇ ਟਿੱਪਣੀ ਕੀਤੀ ਹੈ, ''ਤਾਰੀਫ਼ ਕਰਨ ਲਈ ਘਰ ਆਉਣ ਦੀ ਥਾਂ ਅਬੀਗੈਲ ਨਸ਼ੇ ਵਿਚ ਡੁੱਬੇ ਆਦਮੀ ਕੋਲ ਘਰ ਆਈ।'' ''ਬਿਊਟੀ ਐਂਡ ਦ ਬੀਸਟ'' (ਪੰਨਾ ਰਹਿਤ, ਮਿਤੀ ਰਹਿਤ), ਸਾਊਂਡ ਕੈਸੇਟ। [26]ਬਾਈਬਲ ਕਹਿੰਦੀ ਹੈ ਕਿ ''ਉਹ ਵੱਟੇ ਵਾਂਗ ਸੁੰਨ ਹੋ ਗਿਆ।'' [27]ਇਸ ਗੱਲ ਉੱਤੇ ਦੰਗ ਹੋਏ ਬਗ਼ੈਰ ਨਹੀਂ ਰਿਹਾ ਜਾ ਸਕਦਾ ਕਿ ਲੂਕਾ 12:16–21 ਵਿਚ ਯਿਸੂ ਵੱਲੋਂ ਦਿੱਤੇ ਧਨੀ ਮੂਰਖ ਦੇ ਦ੍ਰਿਸ਼ਟਾਂਤ ਲਈ ਨਾਬਾਲ ਕਿੰਨੀ ਵਧੀਆ ਉਦਾਹਰਣ ਸੀ। [28]ਪੇਸ਼ਕਸ਼ ਲਈ ਉਸ ਦਾ ਜਵਾਬ ਸੀ: ''ਵੇਖੋ ਤੁਹਾਡੀ ਟਹਿਲਣ ਆਪਣੇ ਮਹਾਰਾਜ ਦੇ ਟਹਲੂਆਂ ਦੀ ਸੇਵਕ ਠਹਿਰੇ'' (25:41)। ਇਸ ਗੱਲ ਤੇ ਸਵਿੰਡਲ ਦੀ ਟਿੱਪਣੀ ਸੀ, ''ਸਾਥੀਓ, ਜੇ ਉਹ ਵਿਆਹ ਲਈ ਤੁਹਾਡੀ ਪੇਸ਼ਕਸ਼ ਨੂੰ ਮੰਨ ਲੈਂਦੀ ਹੈ, ਤਾਂ ਮੌਕਾ ਹਥੋਂ ਨਾ ਜਾਣ ਦਿਓ!'' [29]1 ਸਮੂਏਲ 25:43, 44 ਵਿਚ ਫ਼ਰਕ ਉੱਤੇ ਧਿਆਨ ਦਿਓ। ਆਇਤ 44 ਵਿਚ ਟਿੱਪਣੀ ਹੈ ਕਿ ਸ਼ਾਊਲ ਨੇ ਮੀਕਲ ਦਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਸੀ, ਜਦਕਿ ਆਇਤ 43 ਟਿੱਪਣੀ ਕਰਦੀ ਹੈ ਕਿ ਅਬੀਗੈਲ ਦਾਊਦ ਦੀ ਦੂਜੀ ਪਤਨੀ ਬਣ ਗਈ। ਸ਼ਾਊਲ ਨੇ ਜਦ ਵੀ ਦਾਊਦ ਕੋਲੋਂ ਕੁਝ ਖੋਹਿਆ, ਖ਼ੁਦਾ ਨੇ ਉਸ ਨੂੰ ਉਸ ਦੀ ਥਾਂ ਹੋਰ ਦੇ ਦਿੱਤਾ। [30]ਕੁਝ ਅਲੋਚਕਾਂ ਦਾ ਦਾਅਵਾ ਹੈ ਕਿ ਇਹ ''ਇੱਕੋ ਹੀ ਕਹਾਣੀ ਦਾ ਦੂਜਾ ਸੰਸਕਰਣ'' ਹੈ। ਪਰ ਬਾਈਬਲ ਦਾ ਅਜਿਹਾ ਕੋਈ ਸਬੂਤ ਅਜਿਹੇ ਕਿਸੇ ਦਾਅਵੇ ਦੀ ਤਸਦੀਕ ਨਹੀਂ ਕਰਦਾ। ਦੋਹਾਂ ਕਹਾਣੀਆਂ ਵਿਚ ਬਹੁਤ ਸਾਰੇ ਤਰਕ ਹਨ।

[31]ਇਸ ਪਹਾੜੀ ਦੀ ਸਹੀ ਸਹੀ ਸਥਿਤੀ ਦਾ ਪਤਾ ਨਹੀਂ ਹੈ। ਇਹ ''ਯਸ਼ੀਮੋਨ'' ਦੇ ਨੇੜੇ ਸੀ ਜਿਸ ਦਾ ਅਰਥ ''ਉਜਾੜ'' ਹੈ। ਜ਼ਾਹਿਰ ਤੌਰ ਤੇ ਇਹ ਉਜਾੜ ਦੇ ਨੇੜੇ ਸੀ। [32]ਇਸ ਤੱਥ ਤੋਂ ਪਤਾ ਲਗਦਾ ਹੈ ਕਿ ਸ਼ਾਊਲ ਨੂੰ ਪਹਿਲਾਂ ਹੀ ''ਉਹਦੇ ਆਲੇ ਦੁਆਲੇ ਡੇਰੇ ਲਾਏ ਹੋਏ ਸਨ'' (26:5)। [33]ਉਹ ਦਾਊਦ ਦੀ ਇਕ ਭੈਣ (ਤੁਲਨਾ 1 ਇਤਿਹਾਸ 2:16), ਸਰੂਯਾਹ (26:6) ਦਾ ਬੇਟਾ ਸੀ। ਦਾਊਦ ਦਸ ਬੱਚਿਆਂ ਵਿੱਚੋਂ ਸਭ ਤੋਂ ਛੋਟਾ ਸੀ ਇਸ ਕਰਕੇ ਜੇ ਉਸ ਤੋਂ ਵੱਡੇ ਨਹੀਂ ਤਾਂ ਓਸੇ ਦੀ ਉਮਰ ਦੇ ਭਤੀਜੇ ਭਤੀਜੀਆਂ ਅਤੇ ਭਣੇਵੇ ਭਣੇਵੀਆਂ ਹੋਣਗੇ। [34]ਬਰਛਾ ਅਚਾਨਕ ਹਮਲੇ ਸਮੇਂ ਅਸਾਨੀ ਨਾਲ ਵਰਤੋਂ ਵਿਚ ਆਉਣ ਵਾਲੇ ਹਥਿਆਰ ਲਈ ਗੱਡਿਆ ਗਿਆ ਹੋਵੇਗਾ, ਪਰ ਸੰਭਵ ਤੌਰ ਤੇ ਇਸ ਤੋਂ ਇਹ ਸੰਕੇਤ ਮਿਲਦਾ ਸੀ ਕਿ ਛਾਉਣੀ ਦਾ ''ਹੈੱਡ ਕੁਆਟਰ'' ਇੱਥੇ ਹੈ। ਬਰਛੇ ਦੀ ਵਰਤੋਂ ਜ਼ਾਹਿਰ ਤੌਰ ਤੇ ਸ਼ਾਊਲ ਵੱਲੋਂ ਆਪਣੇ ਰੁਤਬੇ ਦੀ ਸ਼ਾਨ ਦੇ ਸੰਕੇਤ ਦੇ ਰੂਪ ਵਿਚ ਡੰਡੇ ਵਾਂਗ ਕੀਤੀ ਜਾਂਦੀ ਸੀ। [35]ਅਧਿਆਇ 24 ਵਿਚ ਦਾਊਦ ਨੇ ਦੁਆ ਕੀਤੀ ਸੀ ਕਿ ਖ਼ੁਦਾ ਉਸ ਦਾ ਨਿਆਂ ਕਰੇ (ਆਇਤ 12); ਹੁਣ ਉਸ ਨੇ ਇਸ ਗੱਲ ਵਿਚ ਭਰੋਸਾ ਜਤਾਇਆ ਕਿ ਅਜਿਹਾ ਹੀ ਹੋਵੇਗਾ। [36]1 ਸਮੂਏਲ 26:14 ਵਿਚ ਭਾਵੇਂ ਦਾਊਦ ਨੇ ਅਬਨੇਰ ਨੂੰ ਸੰਬੋਧਤ ਕੀਤਾ, ਪਰ ਅਬਨੇਰ ਨੇ ਇਸ ਨੂੰ ਬਾਦਸ਼ਾਹ ਨੂੰ ਸੰਬੋਧਨ ਦੇ ਰੂਪ ਵਿਚ ਮੰਨਿਆ, ਕਿਉਂਕਿ ਦਰਬਾਰ ਲੱਗਣ ਵੇਲੇ ਆਮ ਤੌਰ ਤੇ ਬਾਦਸ਼ਾਹ ਨੂੰ ਸਿੱਧੇ ਮੁਖ਼ਾਤਬ ਨਹੀਂ ਹੋਇਆ ਜਾਂਦਾ ਸੀ। [37]ਸ਼ਾਊਲ ਦੀ ਫ਼ੌਜ ਵਿਚ ਅਬਨੇਰ ਦੇ ਬਰਾਬਰ ਦਾ ਕੋਈ ਨਹੀਂ ਸੀ; ਸ਼ਾਊਲ ਦੀ ਮੁਸੀਬਤ ਦੇ ਪੂਰੇ ਸਮੇਂ ਦੌਰਾਨ ਉਹਦੇ ਵਰਗਾ ਬਹਾਦਰ ਅਤੇ ਵਫ਼ਾਦਾਰ ਕੋਈ ਹੋਰ ਨਹੀਂ ਸੀ। ਦਾਊਦ ਨੇ ਕਿਹਾ ਕਿ ਅਬਨੇਰ ਦੇ ਮਰਨ ਤੇ ''ਅੱਜ ਦੇ ਦਿਨ ਇਕ ਸਰਦਾਰ ਸਗੋਂ ਇਕ ਮਹਾਂਪੁਰਸ਼ ਇਸਰਾਏਲ ਦੇ ਵਿੱਚੋਂ'' ਮਰਿਆ ਹੈ (2 ਸਮੂਏਲ 3:38)। [38]''ਜਾਣ ਪਛਾਣ'' ਵਾਲਾ ਪਾਠ ਵੇਖੋ। [39]ਅਧਿਆਇ 24 ਵਿਚ ਦਾਊਦ ਨੇ ਇਸ ਸੰਭਾਵਨਾ ਦਾ ਜ਼ਿਕਰ ਕੀਤਾ। ਕੁਝ ਲੋਕਾਂ ਦਾ ਮੰਨਣਾ ਹੈ ਕਿ ਜ਼ਬੂਰ 7 ਕੂਸ਼ ਵੱਲੋਂ ਸ਼ਾਊਲ ਨੂੰ ਉਕਸਾਉਣ ਦਾ ਸੰਕੇਤ ਦਿੰਦਾ ਹੈ (ਇਸ ਜ਼ਬੂਰ ਦੀ ਜਾਣ ਪਛਾਣ ਵਾਲੀ ਟਿੱਪਣੀ ਵੇਖੋ; ਕੂਸ਼ ਅਤੇ ਸ਼ਾਊਲ ਦੋਵੇਂ ਬਿਨਿਆਮੀਨੀ ਸਨ)। [40]ਇਨ੍ਹਾਂ ਸ਼ਬਦਾਂ ਦਾ ਅਰਥ ਇਹ ਨਹੀਂ ਹੈ ਕਿ ਦਾਊਦ ਦੇ ਮਨ ਵਿਚ ਇਲਾਕਾਈ ਖ਼ੁਦਾ ਦੀ ਧਾਰਣਾ ਸੀ; ਬਲਕਿ ਉਹ ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ ਖ਼ੁਦਾ ਆਪਣੇ ਲੋਕਾਂ ਵਿਚ ਖ਼ਾਸ ਢੰਗ ਨਾਲ ਅਤੇ ਪਰਮ ਪਵਿੱਤਰ ਸਥਾਨ ਵਿਚ ਖ਼ੁਦਾ ਦੀ ਮੌਜੂਦਗੀ ਖ਼ਾਸ ਢੰਗ ਨਾਲ ਸੀ।

[41]ਸ਼ਾਊਲ ਨੇ ਬਾਈਬਲ ਵਿਚ ਕਿਸੇ ਹੋਰ ਨਾਲੋਂ ਵੀ ਵੱਧ ਅਜਿਹਾ ਕਿਹਾ, ਪਰ ਇਸ ਨਾਲ ਉਹ ਬਦਲਿਆ ਨਹੀਂ। ਜੇ ਪਾਪ ਦਾ ਇਕਰਾਰ ਸੱਚੀ ਤੌਬਾ ਨਾਲ ਨਹੀਂ ਹੈ, ਤਾਂ ਇਹ ਬੇਕਾਰ ਹੋਵੇਗਾ। [42]ਆਇਤ 18 ਵਿਚ ''ਯਾਸ਼ਰ ਦੀ ਪੋਥੀ'' ਦਾ ਜ਼ਿਕਰ ਹੈ; ਯਹੋਸ਼ੁਆ 10:13 ਵਿਚ ਵੀ ਇਸ ਦਾ ਜ਼ਿਕਰ ਹੈ। ਜ਼ਾਹਿਰ ਤੌਰ ਤੇ ਇਹ ਮੁੱਢਲੀ ਸ਼ਾਇਰੀ ਦਾ ਕਾਵਿ ਸੰਗ੍ਰਹਿ ਸੀ। [43]ਗਥ ਅਤੇ ਅਸ਼ਕਲੋਨ ਫ਼ਲਿਸਤੀਨੀ ਸ਼ਹਿਰ ਸਨ, ਭਾਵ ਉਹ ਫ਼ਲਿਸ਼ਤੀਨ ਵਿਚ ਹੀ ਅਖੰਡਤਾ ਦਾ ਪ੍ਰਤੀਕ ਸਨ। [44]ਗਿਲਬੋ ਪਹਾੜਾਂ ਉੱਤੇ ਸਰਾਪ ਦਿੱਤਾ ਗਿਆ ਸੀ ਕਿਉਂਕਿ

ਉੱਥੇ ਹੀ ਸ਼ਾਊਲ ਅਤੇ ਯੋਨਾਥਾਨ ਮਾਰੇ ਗਏ ਸਨ। [45]ਢਾਲਾਂ ਚਮੜੇ ਦੀਆਂ ਬਣੀਆਂ ਹੁੰਦੀਆਂ ਸਨ ਅਤੇ ਭੁਰਨ ਤੋਂ ਬਚਾਉਣ ਲਈ ਉਨ੍ਹਾਂ ਉੱਤੇ ਤੇਲ ਲਾਇਆ ਜਾਂਦਾ ਸੀ; ਹੁਣ ਸ਼ਾਊਲ ਮਰ ਗਿਆ ਸੀ ਇਸ ਕਰਕੇ ਉਸ ਦੇ ਹਥਿਆਰ ਐਵੇਂ ਹੀ ਪਏ ਸਨ। [46]ਸ਼ਾਊਲ ਦੇ ਲੜਾਈ ਜਿੱਤ ਕੇ ਵਾਪਸ ਆਉਣ ਤੇ ਉਸ ਦੇ ਸਨਮਾਨ ਵਿਚ ਅਜਿਹਾ ਜਸ਼ਨ ਹੁੰਦਾ ਹੋਵੇਗਾ। [47]ਸੰਭਵ ਤੌਰ ਤੇ ਇਹ ਸ਼ਾਊਲ ਅਤੇ ਯੋਨਾਥਾਨ ਦੇ ਹਥਿਆਰਾਂ ਲਈ ਨਹੀਂ ਬਲਕਿ ਉਨ੍ਹਾਂ ਲਈ ਹੀ ਕਿਹਾ ਗਿਆ ਹੈ। [48]ਸਾਡੇ ਵਿੱਚੋਂ ਕੋਈ ਵੀ ਸਿੱਧ ਨਹੀਂ ਹੈ (ਰੋਮੀਆਂ 3:23)। [49]ਲੁਈਸ ਕੋਪਲੈਂਡ, ਸੰਪਾ., *ਪਾਪੁਲਰ ਕੁਟੇਸ਼ਨ ਫ਼ਾਰ ਆਲ ਯੂਜ਼ਰਜ਼* (ਗਾਰਡਨ ਸਿਟੀ, ਨਿਯੂ ਯਾਰਕ: ਡਬਲਡੇ ਐਂਡ ਕੰ., 1961), 392 ਵਿਚ ਦੁਹਰਾਇਆ ਗਿਆ, ਵਿਲੀਅਮ ਪੇਂਟਰ *ਇਨ ਦਾ ਪੈਲਸ ਆਫ਼ ਪਲੱਯਰ*। [50]ਖ਼ੁਦਾ ‘‘ਸਾਡੇ ਪਾਪਾਂ ਨੂੰ ਯਾਦ ਨਹੀਂ ਕਹਦਾ,’’ ਪਰ ਜਾਣੀ–ਜਾਣ ਖ਼ੁਦਾ ਹੋਣ ਕਰਕੇ ਉਹ ਜਾਣਦਾ ਹੈ ਕਿ ਪਾਪ ਹੋਇਆ ਸੀ।

[51]ਬੌਬ ਸਟੁਅਰਟ, *ਰਿਵੇਂਜ ਰਿਡੀਮਡ* (ਟੈਰੀਟਾਊਨ, ਨਿਊ ਯਾਰਕ: ਫਲੇਮਿੰਗ ਐਚ. ਰੇਵਲ ਕੰ., 1991)। ਇਹ ਕਿਤਾਬ ਪੜ੍ਹਨ ਦੀ ਹਰ ਕਿਸੇ ਨੂੰ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਮੇਰੀ ਜਾਣਕਾਰੀ ਮੁਤਾਬਕ ਇਹੀ ਇੱਕੋ ਇਕ ਕਿਤਾਬ ਹੈ ਜਿਹੜੀ ਆਮ ਲੋਕਾਂ ਲਈ ਲਿਖੀ ਅਤੇ ਇਕ ਵੱਡੇ ਪ੍ਰਕਾਸ਼ਕ ਘਰਾਣੇ ਵੱਲੋਂ ਛਾਪੀ ਗਈ ਜਿਸ ਵਿਚ ਕਲੀਸੀਆ ਅਤੇ ਬਚਾਏ ਜਾਣ ਦੀਆਂ ਸ਼ਰਤਾਂ ਮਿਲਦੀਆਂ ਹਨ।